

ੴ

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ □ ਨਵੰਬਰ 1997

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

ਕਾਰਜਕਾਰੀ ਸੰਪਾਦਕ

ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ

ਡਾ. ਕਰਨੈਲ ਸਿੰਘ ਸੋਮਲ

ਡਾ. ਹਰਨੇਕ ਸਿੰਘ ਕਲੇਰ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ
ਫੋਨ-650696


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦ ਵਾਲਾ ਮਾਸਿਕ ਪੱਤਰ

ਅੰਕ 11 ਸਾਲ ਨੌਵਾਂ ਨਵੰਬਰ 1997



ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

"ਬਾਬਾ ਨਾਨਕ ਸ਼ਾਹ ਫਕੀਰ,
ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ"
-ਡਾ. ਮਿਸ. ਮਨਵਿੰਦਰ ਕੌਰ 4

"ਲਿਵ ਧਾਤੁ ਦੋਇ ਰਾਹ ਹੈ"
-ਪ੍ਰਿੰ. ਸੁਰਜੀਤ ਸਿੰਘ 7

ਮੇਰੀ ਅਮਰੀਕਾ ਯਾਤਰਾ
-ਡਾ. ਜਾਗੀਰ ਸਿੰਘ 9

ਗੁਰਮਤਿ ਸੰਗੀਤ (ਕੀਰਤਨ ਮਰਿਯਾਦਾ)
-ਪ੍ਰਿੰਸੀਪਲ ਦਿਆਲ ਸਿੰਘ 11

ਸਾਡੇ ਕੀਰਤਨੀਏ
ਭਾਈ ਸਾਹਿਬ ਭਾਈ ਸ਼ਮਸ਼ੇਰ ਸਿੰਘ ਜੀ
-ਅਵਤਾਰ ਸਿੰਘ ਜੱਜ 13

ਸ਼ਰਧਾਜਲੀ: ਜਨਤਾ ਦੇ ਸੰਗੀਤ ਦਾ ਜਾਦੂਗਰ:ਗੁਲਸ਼ਨ ਕੁਮਾਰ
-ਹਰਚਰਨ ਸਿੰਘ 15

ਕੈਸਟ ਸਮੀਖਿਆ: ਕੀਰਤਨੁ ਨਿਰਮੋਲਕ ਹੀਰਾ"
-ਹਰਚਰਨ ਸਿੰਘ 16

ਪੁਸਤਕ ਸਮੀਖਿਆ: "ਕਿਵ ਸਚਿਆਰਾ ਹੋਈਐ"
-ਡਾ. ਹਰਨੇਕ ਸਿੰਘ ਕਲੇਰ 17

ਢਾਡੀ ਜਗਤ ਦਾ ਮਾਣ-ਗਿਆਨੀ ਤਰਲੋਚਨ ਸਿੰਘ 'ਭਮੱਦੀ' 19

ਤਬਲੇ ਦੇ ਬੋਲ -ਡਾ. ਜਾਗੀਰ ਸਿੰਘ 20

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ -ਸ੍ਰ. ਮਨਮੋਹਨ ਸਿੰਘ 21

ਰਾਗ ਧਨਾਸਰੀ-ਥਾਟ ਕਾਫੀ -ਡਾ. ਮਿਸ ਮਨਵਿੰਦਰ ਕੌਰ 22

ਰਾਗ ਮੀਆਂ ਕੀ ਮਲ੍ਹਾਰ - ਪੰ. ਰਾਮ ਚੰਦਰ ਤਿਰਵੇਦੀ 23

ਜੰਤਰੀ ਮਹੀਨਾ ਨਵੰਬਰ 24



| ਚੰਦੇ ਦਾ ਵੇਰਵਾ : | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160015
ਫੋਨ : 772660
782452



| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿੱਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1250 ਰੁ. |



■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜ ਜੀ ।



*-ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਡੀ.ਬੀ. ਪ੍ਰਿੰਟਰਜ਼ S.C.O. 60, ਫੇਸ 3-ਬੀ-2, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।*

# ਮਿਤ੍ਰ ਅਸਾਡੜੇ ਸੇਈ

☆ ਸਤੰਬਰ ਦਾ 'ਅੰਮ੍ਰਿਤ ਕੀਰਤਨ' ਅਤਿਅੰਤ ਰੌਚਿਕ ਰਿਹਾ । ਸਾਰੀ ਸਮੱਗਰੀ ਪੜ੍ਹਨਯੋਗ ਸੀ । ਵਿਸ਼ੇਸ਼ ਸੰਪਾਦਕੀ ਤੇ ਅਮਰੀਕਾ ਯਾਤਰਾ ਦੀ ਪ੍ਰਥਮ ਕਿਸ਼ਤ, ਡਾ. ਹਰਿਭਜਨ ਸਿੰਘ ਅਤੇ ਡਾ. ਸੁਰਜੀਤ ਕੁੰਜਾਹੀ ਦੇ ਲੇਖ, ਪੰਜਾਬੀ ਬੋਲੀਏ ! ਤੇਰਾ ਕੋਈ ਨਾ ਬੇਲੀ, ਭਾਈ ਅਵਤਾਰ ਸਿੰਘ ਹੰਸ ਦੁਆਰਾ ਲਿਖਿਤ ਭਾਈ ਬਲਬੀਰ ਸਿੰਘ ਜੀ ਰਾਗੀ ਦੀ ਕੈਸਟ ਦੀ ਚਰਚਾ 'ਤੂੰ ਕੁਨੁ ਰੋ' ਭਾਈ ਸਾਹਿਬ ਦੀ ਗਾਇਨ ਸ਼ੈਲੀ ਬਾਰੇ ਬਹੁਤ ਹੀ ਸੁੰਦਰ ਢੰਗ ਨਾਲ ਲਿਖਿਆ ਹੈ । ਚੰਗਾ ਹੋਵੇ ਜੇ ਇਸ਼ਤਿਹਾਰ ਭੇਜਣ ਲਈ ਕੁਝ ਫਾਰਮ ਭਿਜਵਾ ਦਿਓ । ਦਾਨੀ ਸੱਜਣਾਂ ਨਾਲ ਸੰਪਰਕ ਕਰਨ ਤੋਂ ਇਲਾਵਾ ਆਪਣਾ ਚੰਦਾ ਵੀ ਜਲਦੀ ਹੀ ਭੇਜਾਂਗਾ ।

ਕਲਕੱਤਾ — ਹਰਚਰਨ ਸਿੰਘ

☆ 'ਅੰਮ੍ਰਿਤ ਕੀਰਤਨ' ਦੀਆਂ ਬਰਕਤਾਂ ਰੰਗ ਲਿਆ ਰਹੀਆਂ ਹਨ । ਬਹੁਤ ਹੀ ਖੁਸ਼ੀ ਦੀ ਗੱਲ ਇਹ ਹੈ ਕਿ ਮੈਂ ਜੋ ਨੁਸ਼ਹਿਰਾ ਮੱਝਾ ਸਿੰਘ ਦੇ ਪਤੇ ਤੇ ਇਕ ਰਸਾਲਾ ਲਵਾਇਆ ਸੀ ਉਸ ਤੋਂ ਪ੍ਰੇਰਨਾ ਲੈ ਕੇ ਮੇਰੀ ਸਿੰਘਣੀ ਦਾ ਭਤੀਜਾ ਕੀਰਤਨ ਕਰਨਾ ਸਿੱਖ ਗਿਆ ਹੈ । ਉਥੋਂ ਚਿੱਠੀ ਆਈ ਹੈ ਕਿ ਕਾਕਾ ਜੀ ਏਨਾਂ ਚੰਗਾ ਕੀਰਤਨ ਕਰਦੇ ਹਨ ਕਿ ਸਤਿਗੁਰੂ ਦੀ ਬਖਸ਼ਿਸ਼ ਹੀ ਹੋ ਗਈ ਹੈ । 'ਅੰਮ੍ਰਿਤ ਕੀਰਤਨ' ਵਿੱਚ ਛਪਦੀ ਸਮੱਗਰੀ ਕੀਰਤਨ ਸਿੱਖਣ ਦੀ ਲਗਨ ਪੈਦਾ ਕਰਦੀ ਹੈ । ਤੁਸੀਂ 'ਅੰਮ੍ਰਿਤ ਕੀਰਤਨ' ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਪਨਾ, 'ਘਰ ਘਰ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ' ਪੂਰਾ ਕਰ ਰਹੇ ਹੋ ।

ਮੁੰਬਈ — ਅੱਛਰ ਸਿੰਘ

☆ 'ਅੰਮ੍ਰਿਤ ਕੀਰਤਨ' ਅਕਤੂਬਰ 97 ਸੰਗੀਤ ਸਮੱਗਰੀ ਨਾਲ ਭਰਪੂਰ ਸੀ । ਸੰਪਾਦਕੀ 'ਹੰਬਲਾ ਮਾਰੋ' ਤਾਂ ਬਹੁਤ ਹੀ ਖੂਬਸੂਰਤ ਰਚਨਾ ਹੈ । 'ਕਪੂਰਥਲਾ ਰਿਆਸਤ ਦੇ ਸ਼ਾਸਕਾਂ ਦਾ ਗੁਰਬਾਣੀ ਕੀਰਤਨ ਤੇ ਸੰਗੀਤ ਪ੍ਰੇਮ' ਲਿਖਿਤ ਡਾ. ਮਿਸ. ਮਨਵਿੰਦਰ ਕੌਰ ਅਤੇ ਡਾ. ਕਰਨੈਲ ਸਿੰਘ ਸੋਮਲ ਦਾ ਲੇਖ 'ਮੇਰਾ ਕੀਰਤਨ ਅਨੁਭਵ' ਵੀ ਸਲਾਹੁਣਯੋਗ ਕ੍ਰਿਤਾਂ ਹਨ । ਮੈਂ ਸਕੂਲੀ ਬੱਚਿਆਂ ਦੇ ਸ਼ਬਦ ਗਾਇਨ ਮੁਕਾਬਲੇ ਕਰਵਾਉਣਾ ਚਾਹੁੰਦਾ ਹਾਂ ਪਰੰਤੂ ਸਾਧਨਾਂ ਦੀ ਘਾਟ ਹੈ । ਉਂਜ 'ਅੰਮ੍ਰਿਤ ਕੀਰਤਨ ਟ੍ਰਸਟ' ਨੂੰ ਵਿਦਿਆਰਥੀਆਂ ਦੇ ਸ਼ਬਦ ਗਾਇਨ ਮੁਕਾਬਲੇ ਕਰਵਾਉਣੇ ਚਾਹੀਏ ਹਨ ।

ਮਲੋਟ — ਪ੍ਰੋ. ਮੰਗਤ ਸਿੰਘ ਮਸਤਾਨਾ

☆ 'ਅੰਮ੍ਰਿਤ ਕੀਰਤਨ' ਦਾ ਸਤੰਬਰ 97 ਅੰਕ ਬੇਹੱਦ ਪਸੰਦ ਆਇਆ । ਡਾ. ਹਰਿਭਜਨ ਸਿੰਘ ਜੀ•ਦਾ ਲੇਖ 'ਗੁਰਬਾਣੀ ਵਿੱਚ ਗਾਇਨ ਦਾ ਮਹੱਤਵ ਅਤੇ ਡਾ. ਸੁਰਜੀਤ ਸਿੰਘ ਕੁੰਜਾਹੀ ਦੀ ਕ੍ਰਿਤ 'ਸਿੱਖ ਸੋਚ ਵਿਚਾਰ' ਅਤੇ 'ਅਮਰੀਕਾ ਯਾਤਰਾ' ਖੋਜ ਭਰਪੂਰ ਰਚਨਾਵਾਂ ਸਨ । ਸੁਰ-ਲਿਪੀ ਅਤੇ ਬੰਦਸ਼ ਰਸਾਲੇ ਨੂੰ ਸੁੰਦਰ ਬਣਾਉਂਦੀਆਂ ਹਨ । ਰਾਗੀ ਸਿੰਘਾਂ ਦੇ ਗਾਇਨ ਮੁਕਾਬਲੇ ਵੀ ਹੋਣੇ ਚਾਹੀਦੇ ਹਨ ।

ਮਲੋਟ — ਪ੍ਰੋ. ਐਮ. ਐਸ. ਸਚਦੇਵਾ

☆ ਗੁਰਮਤਿ ਸੰਗੀਤ ਦੀ ਪਤ੍ਰਿਕਾ 'ਅੰਮ੍ਰਿਤ ਕੀਰਤਨ' ਦਿਲ ਨੂੰ ਟੁੰਬਣ ਵਾਲੀ ਪਤ੍ਰਿਕਾ ਹੈ । ਇਸ ਨੂੰ ਪੜ੍ਹ ਕੇ 'ਗੁਰਮਤਿ ਸੰਗੀਤ, ਗੁਰਬਾਣੀ ਅਤੇ ਸਿੱਖ/ਇਤਿਹਾਸ ਦੀ ਭਰਪੂਰ ਜਾਣਕਾਰੀ ਮਿਲਦੀ ਹੈ । ਕੀਰਤਨ ਪ੍ਰੇਮੀਆਂ ਲਈ ਇਹ ਇਕ ਅਨਮੋਲ ਖਜ਼ਾਨਾ ਹੈ । ਵਾਹਿਗੁਰੂ ਅੱਗੇ ਅਰਦਾਸ ਹੈ ਕਿ 'ਅੰਮ੍ਰਿਤ ਕੀਰਤਨ' ਹਰ ਘਰ ਦਾ ਸ਼ਿੰਗਾਰ ਬਣੇ ਅਤੇ ਦਿਨ ਦੁਗਣੀ ਤੇ ਰਾਤ ਚੋਗੁਣੀ ਤਰੱਕੀ ਕਰੇ । ਮੈਂ 'ਅੰਮ੍ਰਿਤ ਕੀਰਤਨ' ਦਾ ਪਿਛਲੇ ਛੇ ਸਾਲਾਂ ਤੋਂ ਪਾਠਕ ਹਾਂ । ਕ੍ਰਿਪਾ ਕਰਕੇ ਅਦੁਤੀ ਗੁਰਮਤਿ ਸੰਗੀਤ ਸੰਮੇਲਨ ਬਾਰੇ ਜਾਣਕਾਰੀ ਦੇਣੀ । ਇਸ ਵਿੱਚ ਹਿੱਸਾ ਲੈਣ ਸੰਬੰਧੀ ਕੀ ਸ਼ਰਤਾਂ ਹਨ ।

ਨਾਇਬ ਸੂਬੇਦਾਰ ਦਲਜੀਤ ਸਿੰਘ

☆ 'ਸਤੰਬਰ 97 ਦਾ 'ਅੰਮ੍ਰਿਤ ਕੀਰਤਨ' ਪਹੁੰਚ ਗਿਆ ਹੈ । ਬਹੁਤ ਬਹੁਤ ਧੰਨਵਾਦੀ ਹਾਂ । ਇਹ ਸੰਗੀਤ ਸਿੱਖਿਆ ਸੰਬੰਧੀ ਸਮੱਗਰੀ ਨਾਲ ਭਰਪੂਰ 'ਅੰਮ੍ਰਿਤ ਕੀਰਤਨ' ਸਾਡੀ ਲਾਇਬਰੇਰੀ ਦੀ ਪੂੰਜੀ ਬਣ ਗਿਆ ਹੈ ।

ਅਨੰਦਪੁਰ ਸਾਹਿਬ — ਪ੍ਰਿੰ. ਮਨੋਹਰ ਸਿੰਘ

☆ ਸਤੰਬਰ 97 ਦਾ 'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ । ਇਸ ਅੰਕ ਦੀ ਹਰ ਇੱਕ ਰਚਨਾ ਹੀ ਸਲਾਹੁਣਯੋਗ ਹੈ । ਤੁਸੀਂ ਸੰਗੀਤ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੇ ਹੋ । ਮੈਨੂੰ ਅਗਸਤ 97 ਦਾ ਅੰਕ ਨਹੀਂ ਮਿਲਿਆ ਕ੍ਰਿਪਾ ਕਰਕੇ ਭਿਜਵਾ ਦਿਓ । 'ਅੰਮ੍ਰਿਤ ਕੀਰਤਨ' ਤਾਂ ਜਿਵੇਂ ਰੂਹ ਦੀ ਖੁਰਾਕ ਹੀ ਬਣ ਗਿਆ ਹੈ । 'ਗੁਰਮਤਿ ਸੰਗੀਤ ਵਿਸੇਸ਼ ਅੰਕ' ਵੀ ਜ਼ਰੂਰ ਭੇਜਣ ਦੀ ਖੇਚਲ ਕਰਨਾ ।

ਮੰਦਸੋਰ (ਐਮ.ਪੀ.) — ਅਜੀਤ ਸਿੰਘ ਬੇਦੀ

# ਕਾਵਿ ਵਿੱਚ ਸੰਗੀਤ

ਜਦੋਂ ਅਸੀਂ ਕੀਰਤਨ ਬਾਰੇ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਹੁੰਦਾ ਹੈ ਗੁਰਬਾਣੀ ਦਾ ਗਾਇਨ । ਗੁਰਬਾਣੀ ਦੇ ਕੀਰਤਨ ਬਾਰੇ ਚਰਚਾ ਤਾਂ ਅਕਸਰ ਹੁੰਦੀ ਰਹਿੰਦੀ ਹੈ । ਗੁਰਬਾਣੀ ਵਿੱਚ ਕੀਰਤਨ ਦੀ ਜੋ ਮਹੱਤਤਾ ਦਰਸਾਈ ਗਈ ਹੈ ਉਹ ਵੀ ਅਸੀਂ ਆਮ ਪੜ੍ਹਦੇ, ਸੁਣਦੇ ਰਹਿੰਦੇ ਹਾਂ । ਗੁਰਬਾਣੀ ਦੀ ਧਾਰਮਿਕ ਮਹੱਤਤਾ ਤਾਂ ਹੈ ਹੀ ਇਸ ਦੇ ਨਾਲ ਨਾਲ ਇਸ ਦੀ ਕਾਵਿਕ ਮਹੱਤਤਾ ਵੀ ਹੈ । ਇਸ ਦੇ ਕਾਵਿ ਗੁਣਾਂ ਨੂੰ ਉਜਾਗਰ ਕਰਨ ਲਈ ਥੋਹੜੀਆਂ ਪੁਸਤਕਾਂ ਹੀ ਮਿਲਦੀਆਂ ਹਨ ਜਾਂ ਮੇਰੇ ਧਿਆਨ ਵਿੱਚ ਹੀ ਥੋਹੜੀਆਂ ਪੁਸਤਕਾਂ ਆਈਆਂ ਹਨ । ਪ੍ਰੋ. ਪੂਰਨ ਸਿੰਘ, ਡਾ. ਬਲਬੀਰ ਸਿੰਘ, ਡਾ. ਗੋਪਾਲ ਸਿੰਘ ਦਰਦੀ, ਪ੍ਰੋ. ਰਾਮ ਸਿੰਘ (ਸੁਹਜ ਕਲਾ) ਤੇ ਅੱਜਕਲ ਪ੍ਰੋ. ਹਰਕਿਸ਼ਨ ਸਿੰਘ ਇਸ ਪੱਖ ਬਾਰੇ ਪੁਸਤਕਾਂ ਲਿਖ ਰਹੇ ਹਨ । ਇਸ ਬਾਰੇ ਫਿਰ ਕਦੀ ਵਿਚਾਰਾਂਗੇ ।

ਅੱਜ ਤਾਂ ਅਸੀਂ ਸੰਗੀਤ ਦੇ ਸੰਕਲਪਾਂ ਨੂੰ ਕਵੀਆਂ ਨੇ ਆਪਣੇ ਭਾਵ ਪ੍ਰਗਟਾਉਣ ਲਈ ਰੂਪਕਾਂ, ਬਿੰਬਾਂ ਤੇ ਦ੍ਰਿਸ਼ਟਾਂਤਾਂ ਵਿੱਚ ਕਿਵੇਂ ਪ੍ਰਯੋਗ ਕੀਤਾ ਹੈ, ਇਸ ਬਾਰੇ ਗੱਲ ਕਰ ਰਹੇ ਹਾਂ । ਚੰਗੇ ਕਵੀ ਤਾਂ ਕਿਸੇ ਵੀ ਸੰਕਲਪ ਜਾਂ ਦ੍ਰਿਸ਼ਟਾਂਤ ਨੂੰ ਲੈ ਕੇ ਵਧੀਆ ਕਵਿਤਾ ਰਚ ਲੈਂਦੇ ਹਨ । ਡਾ. ਜਸਵੰਤ ਸਿੰਘ ਨੇਕੀ ਮੁਰਦਾ ਘਰ ਵਿੱਚ ਪਈ ਲਾਸ਼ ਦੀ ਚੀਰਫਾੜ ਕਰਨ ਜਿਹੇ ਘਿਨਾਉਣੇ ਕੰਮ ਨੂੰ ਵੀ ਇਤਨੀ ਖ਼ੂਬਸੂਰਤ ਕਵਿਤਾ ਵਿੱਚ ਬਿਆਨ ਕਰਦਾ ਹੈ ਕਿ ਉਸ ਦੀ ਕਾਵਿ-ਪ੍ਰਤਿਭਾ ਅੱਗੇ ਸਿਰ ਝੁਕ ਝੁਕ ਜਾਂਦਾ ਹੈ । ਕਈ ਕਵੀ ਫੁੱਲਾਂ ਬਾਰੇ ਕਵਿਤਾ ਰਚਦਿਆਂ ਵੀ ਕੰਡਿਆਂ ਦੀਆਂ ਚੋਭਾਂ ਮਾਰਦੇ ਹਨ ।

ਸੰਗੀਤ ਦੇ ਸੰਕਲਪਾਂ ਨੂੰ ਵਿਰਲੇ ਕਵੀਆਂ ਨੇ ਹੀ ਆਪਣੀ ਕਵਿਤਾ ਵਿੱਚ ਪ੍ਰਯੋਗ ਕੀਤਾ ਹੈ । ਹਿੰਦੀ ਦੇ ਇੱਕ ਕਵੀ ਦੁਸ਼ਿਅੰਤ ਕੁਮਾਰ ਦੀ ਇੱਕ ਗ਼ਜ਼ਲ ਦਾ ਸ਼ੇਅਰ ਪੜ੍ਹਦਿਆਂ ਤਾਨਸੈਨ ਦੀ ਪੱਥਰ ਪਿਘਲਾਉਣ ਵਾਲੀ ਕਥਾ ਕਿਵੇਂ ਯਾਦ ਆਉਂਦੀ ਹੈ :-

*ਵੋ ਮੁਤਮਈਂ ਹੈ ਕਿ ਪੱਥਰ ਪਿਘਲ ਨਹੀਂ ਸਕਤਾ,*
*ਮੈਂ ਬੇਕਰਾਰ ਹੂੰ ਆਵਾਜ਼ ਮੇ ਅਸਰ ਕੇ ਲੀਏ ।*

ਪ੍ਰੋ. ਮੋਹਨ ਸਿੰਘ ਦਾ ਇੱਕ ਸ਼ੇਅਰ ਵੀ ਚਮਤਕਾਰ ਕਰਦਾ ਹੈ :-

*ਬੇਚੈਨ ਨਗਮੇ ਸੌਂ ਗਏ ਇੱਕ ਛੂਹ ਨੂੰ ਤਰਸਦੇ ।*
*ਸਾਜ਼ਿੰਦਾ ਮੁੜ ਨਾ ਪਰਤਿਆ ਜਿੰਦ ਦੀ ਰਬਾਬ ਦਾ ।*

ਪਿਛਲੇ ਦਿਨੀਂ ਮੇਰੇ ਦੋਸਤ ਡਾਕਟਰ ਤ੍ਰਿਲੋਚਨ ਸਿੰਘ ਤ੍ਰਸੀ ਨੇ ਸੁਖਵਿੰਦਰ ਅੰਮ੍ਰਿਤ ਦੀ ਪੁਸਤਕ 'ਸੂਰਜ ਦੀ ਦਹਿਲੀਜ਼' ਦੀ ਬੜੀ ਸਿਫਤ ਕੀਤੀ ਤੇ ਮੈਨੂੰ ਪੜ੍ਹਨ ਲਈ ਦਿੱਤੀ । ਬੜੀ ਵਧੀਆ ਪਰਪੱਕ ਸ਼ਾਇਰੀ ਦੇਰ ਬਾਦ ਪੜ੍ਹਨ ਨੂੰ ਮਿਲੀ । ਕੁਝ ਸ਼ੇਅਰਾਂ ਨੇ 'ਕਾਵਿ ਵਿੱਚ ਸੰਗੀਤ' ਵਾਲੀ ਗੱਲ ਫਿਰ ਮੇਰੇ ਜ਼ਿਹਨ ਵਿੱਚ ਜਗਾ ਦਿੱਤੀ । ਉਸ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰਾਂ ਵਿੱਚ ਸੰਗੀਤ ਦੇ ਸੰਕਲਪ ਗਾਉਂਦੇ ਸੁਣਦੇ ਹਨ :-

*ਬੰਸਰੀ ਦੇ ਹੋਠਾਂ ਉਤੇ ਹੋਠ ਧਰ ਕੇ ਸਾਥੀਆ,*
*ਛੇੜ ਫਿਰ ਤੋਂ ਰਾਗਨੀ ਕੋਈ ਤੂੰ ਸ਼ਿਵਰੰਜਨੀ ਜਿਹੀ ।*

*ਉਥੇ ਹੌਲੀ ਹੌਲੀ ਰੂਹਾਂ ਸਭ ਕੀਲ ਹੋ ਗਈਆਂ*
*ਸਾਜ਼ ਏਹੋ ਜਿਹੇ ਖੰਡਰਾਂ 'ਚ ਵਜਦੇ ਰਹੇ ।*

*ਜਿਹਨਾਂ ਸਾਜ਼ਾਂ ਸੰਗ ਸਾਡੀ ਨਾ ਸੀ ਸੁਰ ਮਿਲਦੀ,*
*ਗੀਤ ਜ਼ਿੰਦਗੀ ਦਾ ਉਹਨਾਂ ਸੰਗ ਬੋਲ ਹੋ ਗਿਆ ।*

*ਝੂਠੇ ਸੁਰਾਂ ਦੇ ਆਗੂ ਝੂਠੇ ਨਿਆਂ ਦੇ ਹੋਕੇ ।*
*ਹੁਣ ਫਿਰ ਸੁਨੇਹਾ ਸੱਚ ਦਾ ਕੋਈ ਰਬਾਬ ਦੇਵੇ ।*

*ਜਗ ਜਾਏ ਦਿਲ ਦਾ ਹਰ ਚਿਰਾਗ ਸ਼ਾਮ ਹੋ ਗਈ ।*
*ਹੁਣ ਛੇੜ ਕੋਈ ਐਸਾ ਰਾਗ ਸ਼ਾਮ ਹੋ ਗਈ ।*

ਅਜਿਹੇ ਕਥਨ ਕੋਈ ਸੰਗੀਤ ਦੀ ਜਾਣਕਾਰੀ ਰੱਖਣ ਵਾਲਾ ਕਵੀ ਹੀ ਲਿਖ ਸਕਦਾ ਹੈ ।

ਕਵਿਤਾਵਾਂ ਪੜ੍ਹਦਿਆਂ ਸੁਣਦਿਆਂ ਇਹੋ ਜਿਹੇ ਕਾਵਿ-ਬੰਦ ਤੁਹਾਡੇ ਧਿਆਨ ਵਿੱਚ ਆਉਣ ਤਾਂ ਸਾਨੂੰ ਭੇਜੋ ਅਸੀਂ ਮੈਗਜ਼ੀਨ ਵਿੱਚ ਛਾਪਣ ਦੀ ਖੁਸ਼ੀ ਲਵਾਂਗੇ ।

# "ਬਾਬਾ ਨਾਨਕ ਸ਼ਾਹ ਫਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ"

ਡਾ. ਮਨਵਿੰਦਰ ਕੌਰ
ਐਮ. ਏ. ਪੀ. ਐਚ. ਡੀ (ਸੰਗੀਤ)

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸ਼ੀਅਤ ਅਤੇ ਉਨ੍ਹਾਂ ਦੇ ਵਿਚਾਰਾਂ ਨੂ ਸੰਸਾਰ ਵਿੱਚ ਕੌਣ ਨਹੀਂ ਜਾਣਦਾ ? ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚ, ਬਾਲ ਅਵਸਥਾ ਤੋਂ ਲੈਕੇ, ਚਾਰ ਉਦਾਸੀਆਂ ਅਤੇ ਅੰਤਿਮ ਸਮੇਂ ਤੱਕ, ਇਤਨੇ ਸਾਰੇ ਮੁਸਲਿਮ ਪੀਰ ਫਕੀਰਾਂ ਦਾ ਵਰਨਣ ਮਿਲਦਾ ਹੈ ਕਿ ਜੇ ਕੋਈ ਚਾਹਵੇ ਤਾਂ ਇਸ ਵਿਸ਼ੇ ਉਪਰ ਪੂਰਾ ਖੋਜ ਪ੍ਰਬੰਧ ਲਿਖ ਸਕਦਾ ਹੈ। ਇਸ ਲਈ ਮੈਂ ਆਪਣੇ ਇਸ ਨਿਬੰਧ ਵਿੱਚ ਗੁਰੂ ਨਾਨਕ ਦੇਵ ਜੀ ਦਾ ਮੁਸਲਿਮ ਧਰਮ ਵਿੱਚ ਸਨਮਾਨ ਅਤੇ ਮੁਸਲਿਮ ਪੀਰਾਂ, ਫਕੀਰਾਂ ਦੇ ਸਬੰਧਾਂ ਨੂੰ ਬਹੁਤ ਹੀ ਸੰਖੇਪ ਵਿੱਚ ਲਿਖ ਕੇ ਅੰਮ੍ਰਿਤ ਕੀਰਤਨ ਦੇ ਸੂਝਵਾਨ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਰਹੀ ਹਾਂ।

ਗੁਰੂ ਨਾਨਕ ਦੇਵ ਜੀ ਇੱਕ ਪੀਰ, ਪੈਗੰਬਰ, ਸੰਤ, ਮੁਕਤੀਦਾਤਾ ਤੇ ਅਵਤਾਰ ਆਦਿ ਕਈ ਰੂਪਾਂ ਵਿੱਚ ਜਾਣੇ ਤੇ ਸਤਿਕਾਰੇ ਜਾਂਦੇ ਹਨ। ਆਪਣੇ ਜੀਵਨ ਕਾਲ ਵਿੱਚ ਹੀ ਉਨ੍ਹਾਂ ਨੂੰ ਏਨੀ ਲੋਕ-ਪ੍ਰਿਯਤਾ ਹਾਸਲ ਹੋਈ ਕਿ ਉਹ ਜਗਤ ਗੁਰੂ ਬਣ ਗਏ। ਮੁਸਲਮਾਨ ਸਭਿਆਚਾਰ ਦੇ ਗੜ੍ਹ, ਬਗਦਾਦ ਵਿੱਚ ਲਿਖੇ ਗਏ ਇੱਕ ਸ਼ਿਲਾ-ਲੇਖ ਵਿੱਚ ਉਨ੍ਹਾਂ ਨੂੰ *"ਹਜ਼ਰਤੇ-ਰਬੇ-ਮਜੀਦ ਬਾਬਾ ਨਾਨਕ ਸ਼ਾਹ ਫ਼ਕੀਰ ਔਲੀਆ"* ਕਿਹਾ ਗਿਆ ਹੈ। ਦੇਸ਼ ਵਿੱਚ ਉਨ੍ਹਾਂ ਨੂੰ ਹਿੰਦੂ ਸਤਿਗੁਰੂ ਨਾਨਕ ਦੇਵ ਅਤੇ ਮੁਸਲਮਾਨ ਹਜ਼ਰਤ ਨਾਨਕ ਸ਼ਾਹ ਕਹਿੰਦੇ ਹਨ। ਸਾਰੀਆਂ ਜਾਤਾਂ ਤੇ ਧਰਮਾਂ ਦੇ ਲੋਕ ਉਨ੍ਹਾਂ ਨੂੰ *"ਹਿੰਦੂਆਂ ਦਾ ਗੁਰੂ"* ਤੇ *"ਮੁਲਸਮਾਨਾਂ ਦਾ ਪੀਰ"* ਕਹਿੰਦੇ ਸਨ। ਡਾ. ਰਾਧਾ ਕ੍ਰਿਸ਼ਨ ਨੇ ਲਿਖਿਆ ਹੈ ਕਿ ਗੁਰੂ ਨਾਨਕ ਉਨ੍ਹਾਂ ਮਹਾਂਪੁਰਖਾਂ ਵਿਚੋਂ ਇੱਕ ਸਨ ਜਿਨ੍ਹਾਂ ਸਾਰੇ ਮਨੁੱਖ ਮਾਤਰ ਦੀ ਸਮਾਨਤਾ ਦੀ ਕਲਪਨਾ ਨੂੰ ਪ੍ਰਵਾਨ ਚਾੜ੍ਹਿਆ, ਉਨ੍ਹਾਂ ਦਾ ਮਤ ਸੀ ਕਿ ਸਭ ਦਾ ਪਿਤਾ ਇੱਕ ਕਰਤਾਰ ਹੈ ਤੇ ਸਾਰੇ ਮਨੁੱਖ ਆਪਸ ਵਿੱਚ ਭਰਾ ਹਨ। ਇੱਕ ਮੁਸਲਮਾਨ ਸਈਅਦ ਲਤੀਫ ਲਿਖਦਾ ਹੈ "ਗੁਰੂ ਨਾਨਕ ਦੇਵ ਜੀ ਨੇ ਕਦੇ ਵੀ ਆਪਣੇ ਆਪ ਨੂੰ ਰੱਬ ਨਹੀਂ ਸੀ ਆਖਿਆ, ਉਨ੍ਹਾਂ ਦਾ ਕਥਨ ਸੀ *'ਤੂੰ ਹੀ ਨਿਰੰਕਾਰ ਕਰਤਾਰ ਨਾਨਕ ਬੰਦਾ ਤੇਰਾ'*। ਗੁਰੂ ਨਾਨਕ ਦੇਵ ਜੀ ਹਿੰਦੂ ਮੁਸਲਿਮ ਦੋਹਾਂ ਧਰਮਾਂ ਦੀ ਸਾਂਝੀ ਏਕਤਾ ਦੇ ਪ੍ਰਤੀਕ ਸਨ। ਸਿੱਖ ਧਰਮ ਤੇ ਇਤਿਹਾਸ ਦੇ ਖੋਜ ਕਰਤਾ ਪ੍ਰੋਫੈਸਰ ਅਬਦੁਲ ਮਜੀਦ ਖ਼ਾਨ ਸਾਹਿਬ ਨੇ ਆਪਣੀ ਇੱਕ ਲਿਖਤ ਵਿੱਚ ਲਿਖਿਆ ਹੈ ਕਿ *"ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿਚ ਨਾ ਕੋਈ ਹਿੰਦੂ ਸੀ ਤੇ ਨਾ ਕੋਈ ਮੁਸਲਮਾਨ, ਸਾਰੇ ਇੱਕ ਵਿਸ਼ਾਲ ਮਨੁੱਖੀ ਬਰਾਦਰੀ ਦੇ ਮੈਂਬਰ ਸਨ। ਦੁਨੀਆਂ ਦੇ ਪੀਰ-ਪੈਗੰਬਰਾਂ ਵਿੱਚ ਨਾਨਕ ਸਾਹਿਬ ਨੂੰ ਇੱਕ ਉਚੀ ਥਾਂ ਪ੍ਰਾਪਤ ਹੈ।"* ਮੁਸਲਮਾਨ ਫਕੀਰਾਂ ਤੇ ਸੂਫੀਆਂ ਨਾਲ ਗੁਰੂ ਸਾਹਿਬ ਦੇ ਬੜੇ ਮਿਤਰਤਾ ਭਰੇ ਸਬੰਧ ਰਹੇ। ਉਨ੍ਹਾਂ ਦੇ ਜੀਵਨ ਵਿੱਚ ਇਨ੍ਹਾਂ ਪੀਰਾਂ ਫਕੀਰਾਂ ਨਾਲ ਹੋਏ, ਬੜੇ ਲੰਬੇ ਵਾਰਤਾਲਾਪ ਦਾ ਵਰਨਣ ਮਿਲਦਾ ਹੈ। ਕਾਦੀਆਂ ਦੇ 'ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਗੁਰੂ ਨਾਨਕ ਦੇ ਵੱਡੇ ਪ੍ਰਸ਼ੰਸਕ ਸਨ, ਉਨ੍ਹਾਂ ਗੁਰੂ ਸਾਹਿਬ ਨੂੰ *"ਇੱਕ ਰੂਹਾਨੀ ਹਸਤੀ" ਦੱਸਿਆ।* ਹਜ਼ਰਤ ਮੁਹੰਮਦ ਕੁਕਰੂ ਦੀਨ, ਨਾਲ ਗੁਰੂ ਸਾਹਿਬ ਦੇ ਹੋਏ ਵਾਰਤਾਲਾਪ ਤੋਂ ਗੁਰੂ ਸਾਹਿਬ ਦਾ ਕੁਰਾਨ ਸ਼ਰੀਫ ਪ੍ਰਤੀ ਪਿਆਰ ਤੇ ਸਨਮਾਨ ਸਾਬਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦੇ ਸੰਪੂਰਣ ਜੀਵਨ ਬਿਉਰੇ ਨੂੰ ਜੇ ਖੋਜ-ਆਤਮਿਕ ਦ੍ਰਿਸ਼ਟੀ ਨਾਲ ਪੜ੍ਹਿਆ ਜਾਏ ਤਾਂ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਆਪਣੇ ਜੀਵਨ ਵਿੱਚ ਹਰ ਥਾਂ ਮੁਸਲਮਾਨ ਫਕੀਰਾਂ ਤੇ ਦਰਵੇਸ਼ਾਂ ਦਾ ਸੁਆਗਤ ਕੀਤਾ। ਮੁਸਲਮਾਨ ਧਰਮ ਵਿੱਚ ਵੀ ਗੁਰੂ ਸਾਹਿਬ ਦਾ ਸਨਮਾਨ ਉਸੇ ਤਰ੍ਹਾਂ ਕੀਤਾ ਜਾਂਦਾ ਹੈ, ਜਿਵੇਂ ਉਨ੍ਹਾਂ ਦੇ ਦੂਸਰੇ ਪੀਰਾਂ ਫਕੀਰਾਂ ਦਾ।

ਆਪਣੀ ਬਾਲ ਅਵਸਥਾ ਤੋਂ ਲੈ ਕੇ ਬਿਰਧ ਅਵਸਥਾ ਤੱਕ ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਕਾਲ ਵਿੱਚ ਬਹੁਤ ਸਾਰੇ ਮੁਸਲਿਮ ਪੀਰ ਫਕੀਰਾਂ ਨੂੰ ਮਿਲੇ, ਜੋ ਗੁਰੂ ਸਾਹਿਬ ਦੇ ਵਾਰਤਾਲਾਪ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਉਨ੍ਹਾਂ ਦੇ ਸ਼ਿਸ਼ ਹੋ ਗਏ ਉਹ ਉਨ੍ਹਾਂ ਨੂੰ ਇੱਕ ਵਲੀ ਮੰਨਦੇ ਸਨ। ਜਿਨ੍ਹਾਂ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ :

*ਰਾਏ ਬੁਲਾਰ ਜੀ :* ਬਾਲ ਗੁਰੂ ਨਾਨਕ ਦੇਵ ਦੇ ਰੱਬੀ ਸਰੂਪ ਨੂੰ ਸਭ ਤੋਂ ਪਹਿਲਾਂ ਰਾਇ ਭੋਇ ਦੀ ਤਲਵੰਡੀ ਦੇ ਮੁਸਲਮਾਨ ਹਾਕਮ ਰਾਏ ਬੁਲਾਰ ਨੇ ਹੀ ਪਛਾਣਿਆ ਸੀ। ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ, ਸੱਪ ਦੇ ਛਾਂ ਕਰਨ ਵਾਲੀ ਸਾਖੀ ਦੇ ਇਕੋ ਇਕ ਦਰਸ਼ਕ ਰਾਇ ਬੁਲਾਰ ਹੀ ਸਨ। ਗੁਰੂ ਜੀ ਦੀ ਬਾਲ ਅਵਸਥਾ ਦੇ ਬਹੁਤ ਸਾਰੇ ਹੋਰ ਕੌਤਕਾਂ ਨੂੰ ਵੀ ਰਾਏ ਬੁਲਾਰ ਜੀ ਨੇ ਅੱਖੀਂ ਵੇਖਿਆ, ਉਜੜੇ ਖੇਤ ਹਰੇ ਕਰਨ ਦੇ ਗਵਾਹ ਅਤੇ ਸੱਚੇ ਸੌਦੇ ਪਿਛੋਂ ਬਾਲ ਨਾਨਕ ਦੇਵ ਜੀ ਦੇ ਮੂੰਹ ਤੇ ਪਈ ਉਹਨਾਂ ਦੇ ਪਿਤਾ ਦੀ ਚਪੇੜ ਦੀ ਪੀੜ ਮਹਿਸੂਸ ਕਰਨ ਵਾਲੇ ਰਾਏ ਬੁਲਾਰ ਜੀ ਦੇ ਅੰਤ ਸਮੇਂ ਉਹਨਾਂ ਨੂੰ ਦਰਸ਼ਨ ਦੇਣ ਲਈ ਗੁਰੂ ਨਾਨਕ ਦੇਵ ਉਚੇਚੇ ਆਪਣੇ ਪਿੰਡ ਪਰਤੇ ਸਨ। ਆਪਣੇ ਪੀਰ ਨਾਨਕ ਸ਼ਾਹ ਦੇ ਦਰਸ਼ਨ ਕਰ ਲੈਣ ਪਿਛੋਂ ਹੀ ਰਾਏ ਬੁਲਾਰ ਪਰਲੋਕ ਸਿਧਾਰ ਸਕੇ ਸਨ।

*ਮੌਲਵੀ ਮੁਹੰਮਦ ਹਸਨ :* ਸਭ ਤੋਂ ਪਹਿਲੇ ਬਾਲ ਅਵਸਥਾ ਵਿੱਚ ਗੁਰੂ ਨਾਨਕ ਦੇਵ ਜੀ ਨੇ ਮੌਲਵੀ ਮੁਹੰਮਦ ਹਸਨ ਤੋਂ ਮਦਰਸੇ ਵਿੱਚ ਜਾ ਕੇ ਵਿੱਦਿਆ ਪ੍ਰਾਪਤ ਕੀਤੀ ਅਤੇ ਉਸ ਨੂੰ ਅਰਬੀ ਵਰਣਮਾਲਾ ਰਾਹੀਂ ਉਪਦੇਸ਼ ਦਿੱਤਾ । ਜਦ ਗੁਰੂ ਸਾਹਿਬ ਨੇ ਮੌਲਵੀ ਪਾਸੋਂ ਅਰਬੀ ਵਰਣਮਾਲਾ ਦੇ ਸਹੀ ਅਰਥ ਪੁੱਛੇ ਤਾਂ ਉਹ ਦੱਸ ਨਾ ਸਕਿਆ ਤੇ ਗੁਰੂ ਜੀ ਨੇ ਇੱਕ ਸ਼ਬਦ ਉਚਾਰਣ ਕਰਕੇ ਦੱਸਿਆ ਕਿ ਅਲਫ ਤੋਂ ਭਾਵ ਹੈ "ਅਲਾਹ ਨੂੰ ਯਾਦ ਕਰ, ਗਫਲਤ ਮਨਹੁ ਵਿਸਾਰ, ਸਾਂਸ ਜਿਹ ਪਲਟਹ ਬਿਨ ਨਾਮ ਧ੍ਰਿਗ ਜੀਵਨ ਸੰਸਾਰ" । ਇਸ ਪ੍ਰਕਾਰ ਆਪ ਨੇ ਸਾਰੀ ਅਰਬੀ ਵਰਣਮਾਲਾ ਦੇ ਅਰਥ ਦੱਸਕੇ ਮੌਲਵੀ ਨੂੰ ਨਿਹਾਲ ਕੀਤਾ । ਉਸ ਦਿਨ ਤੋਂ ਉਹ ਗੁਰੂ ਜੀ ਦਾ ਸ਼ਿਸ਼ ਹੋ ਗਿਆ ਅਤੇ ਉਨ੍ਹਾਂ ਨੂੰ ਰੱਬ ਰੂਪ ਬਾਲਕ ਸਮਝਣ ਲਗ ਪਿਆ ।

*ਨਵਾਬ ਦੌਲਤ ਖ਼ਾਨ :* ਜਦ ਗੁਰੂ ਜੀ ਮੋਦੀਖਾਨੇ ਦੇ ਮੋਦੀ ਥਾਪੇ ਗਏ ਸਨ, ਉਸ ਸਮੇਂ ਵੀ ਗੁਰੂ ਸਾਹਿਬ ਦੀ ਲਿਵ ਨਿਰੰਕਾਰ ਨਾਲ ਲਗੀ ਰਹਿੰਦੀ ਸੀ । ਸਾਧੂਆਂ ਫਕੀਰਾਂ ਨੂੰ ਉਹ ਮੋਦੀਖਾਨੇ ਦਾ ਰਾਸ਼ਨ ਵੀ ਮੁਫਤ ਦਾਨ ਕਰ ਦਿਆ ਕਰਦੇ ਸਨ । ਉਸ ਸਮੇਂ ਗੁਰੂ ਸਾਹਿਬ ਨੂੰ ਮੋਦੀ-ਖਾਨੇ ਦਾ ਮਾਲ ਖੁਰਦ ਬੁਰਦ ਕਰਨ ਦਾ ਇਲਜ਼ਾਮ ਲਗਾ ਕੇ ਕੈਦਖਾਨੇ ਭੇਜ ਦਿੱਤਾ ਗਿਆ ਜੋ ਅਸਥਾਨ ਬਾਅਦ ਵਿਚ ਗੁ. ਕੋਠਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ । ਗੁਰੂ ਸਾਹਿਬ ਦੇ ਵਿਰੋਧੀ ਗੁਰੂ ਸਾਹਿਬ ਦੇ ਵੈਰ ਇਸ ਕਰਕੇ ਵੀ ਪੈ ਗਏ ਸਨ ਕਿ ਉਹ ਇਹ ਨਾਹਰਾ ਮਾਰਦੇ ਸਨ ਕਿ *'ਨਾ ਕੋਈ ਹਿੰਦੂ ਹੈ ਤੇ ਨਾ ਕੋਈ ਮੁਸਲਮਾਨ'* ਹੈ ਸਭ ਰੱਬ ਦੇ ਬੰਦੇ ਹਨ । ਜਦ ਗੁਰੂ ਸਾਹਿਬ ਨੂੰ ਨਵਾਬ ਵਲੋਂ ਮਸਜਿਦ ਵਿੱਚ ਨਮਾਜ਼ ਪੜ੍ਹਨ ਲਈ ਸੱਦਿਆ ਗਿਆ ਤਾਂ ਗੁਰੂ ਜੀ ਨੇ ਕਾਜ਼ੀ ਤੇ ਨਵਾਬ ਦੋਹਾਂ ਨੂੰ ਇਕ ਸ਼ਬਦ ਉਚਾਰਣ ਕਰ ਕੇ ਉਨ੍ਹਾਂ ਦੇ ਪਾਖੰਡਾਂ ਤੋਂ ਸੁਚੇਤ ਕੀਤਾ :-

*"ਮਿਹਰੁ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ।*
*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ।*
*ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮੁ ਨਿਮਾਜ਼ ।*
*ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜੁ ।"*

ਇਹ ਰੱਬੀ ਬਾਣੀ ਸੁਣ ਕੇ ਨਵਾਬ ਦੌਲਤ ਖਾਨ ਦਿਲ ਦੀਆਂ ਡੂੰਘਾਈਆਂ ਤੱਕ ਟੁੰਬੇ ਗਏ ਅਤੇ ਗੁਰੂ ਸਾਹਿਬ ਦੇ ਚਰਨੀ ਢਹਿ ਪਏ । ਉਸ ਨੇ ਗੁਰੂ ਸਾਹਿਬ ਨੂੰ ਸਦਾ ਆਪਣੇ ਪਾਸ ਰਹਿਣ ਦੀ ਅਰਜ਼ ਕੀਤੀ, ਪਰ ਗੁਰੂ ਸਾਹਿਬ ਉਨ੍ਹਾਂ ਦਾ ਉਦਾਰ ਕਰਕੇ ਉਥੋਂ ਚਲੇ ਗਏ ।

**ਬਾਬਰ :** ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਵਿਚ 1526 ਈ: ਵਿਚ ਬਾਬਰ ਨੇ ਭਾਰਤ ਉਤੇ ਹਮਲਾ ਕੀਤਾ । ਉਸ ਸਮੇਂ ਗੁਰੂ ਨਾਨਕ ਏਮਨਾਬਾਦ, ਜ਼ਿਲ੍ਹਾ ਗੁਜਰਾਂਵਾਲਾ ਵਿਚ ਸਨ । ਜਿੱਤ ਪਿੱਛੋਂ ਬਾਬਰ ਦੇ ਫੌਜੀਆਂ ਨੇ ਨਾ ਕੇਵਲ ਨਗਰ ਵਿਚ ਲੁੱਟ ਖੋਹ ਤੇ ਕਤਲੇਆਮ ਹੀ ਮਚਾਈ ਸਗੋਂ ਬਹੁਤ ਸਾਰੇ ਲੋਕਾਂ ਨੂੰ ਕੈਦ ਵੀ ਕਰ ਲਿਆ । ਗੁਰੂ ਨਾਨਕ ਅਤੇ ਭਾਈ ਮਰਦਾਨਾ ਜੀ ਵੀ ਕੈਦ ਕੀਤੇ ਗਏ । ਗੁਰੂ ਨਾਨਕ ਦੇਵ ਜੀ ਨੂੰ ਚੱਕੀ ਚਲਾਉਣ ਅਤੇ ਭਾਈ ਮਰਦਾਨੇ ਨੂੰ ਘੋੜਿਆਂ ਦੀ ਸਫਾਈ ਕਰਨ ਲਈ ਕਿਹਾ ਗਿਆ । ਗੁਰੂ ਨਾਨਕ ਹਰ ਹਾਲ ਵਿਚ ਰੱਬ ਦੀ ਰਜ਼ਾ ਵਿਚ ਖੁਸ਼ ਰਹਿੰਦੇ ਅਤੇ ਕੀਰਤਨ ਕਰਦੇ । ਏਥੇ ਹੀ ਉਹਨਾਂ ਨੇ *"ਆਪੇ ਦੋਸ ਨਾ ਦੇਈ ਕਰਤਾ ਜਮ ਕਰ ਮੁਗਲ ਚੜ੍ਹਾਇਆ"* ਸ਼ਬਦ ਉਚਾਰਨ ਕੀਤਾ । ਇਲਾਹੀ ਜੋਤ ਵਾਲੇ ਫਕੀਰ ਬਾਰੇ ਸੁਣ ਕੇ ਜੇਤੂ ਬਾਦਸ਼ਾਹ ਬਾਬਰ ਉਹਨਾਂ ਦੇ ਦਰਸ਼ਨਾਂ ਲਈ ਕੈਦਖਾਨੇ ਪਹੁੰਚਿਆ ਅਤੇ ਰੱਬੀ ਕੀਰਤਨ ਵਿਚ ਜੁੜੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਉਤੇ ਡਿੱਗ ਕੇ ਆਪਣੀ ਭੁੱਲ ਬਖਸ਼ਾਈ ਤੇ ਸਾਰੇ ਕੈਦੀਆਂ ਨੂੰ ਰਿਹਾ ਕਰਨ ਦਾ ਹੁਕਮ ਵੀ ਦਿੱਤਾ ।

*ਕਰਤਾਰਪੁਰ ਦਾ ਕਰੋੜੀਆ :* ਇਹ ਰਾਵੀ ਕੰਢੇ ਵਸਦੇ ਇੱਕ ਪਿੰਡ ਦਾ ਪਾਪੀ ਜ਼ਿਮੀਦਾਰ ਸੀ । ਇਹ ਗੁਰੂ ਸਾਹਿਬ ਨੂੰ ਆਪਣੇ ਪਿੰਡੋ ਬਾਹਰ ਕੱਢਣਾ ਚਾਹੁੰਦਾ ਸੀ । ਪਰ ਗੁਰੂ ਜੀ ਨੇ ਉਸ ਨੂੰ ਆਪਣੀ ਅਧਿਆਤਮਿਕ ਸ਼ਕਤੀ ਅਤੇ ਬਾਣੀ ਰਾਹੀਂ ਸਿੱਧੇ ਰਾਹੇ ਪਾਇਆ । ਅਖੀਰ ਇਹ ਗੁਰੂ ਜੀ ਦਾ ਭਗਤ ਹੋ ਗਿਆ ਅਤੇ ਇਸ ਨੇ ਗੁਰੂ ਸਾਹਿਬ ਨੂੰ ਬਹੁਤ ਸਾਰੀ ਜ਼ਮੀਨ ਦਾਨ ਕੀਤੀ । ਇਸ ਜਗ੍ਹਾ ਦਾ ਨਾਮ ਵੀ ਗੁਰੂ ਸਾਹਿਬ ਨੇ ਕਰਤਾਰਪੁਰ ਹੀ ਰੱਖਿਆ ।

*ਸ਼ੇਖ ਬ੍ਰਹਮ :* ਇਸ ਦਾ ਅਸਲੀ ਨਾਂ ਇਬ੍ਰਾਹੀਮ ਸੀ ਅਤੇ ਪਾਕਪਟਨ ਵਿੱਚ ਰਹਿੰਦਾ ਸੀ । ਉਹ ਬਾਬਾ ਫਰੀਦ ਜੀ ਦਾ ਗੱਦੀ-ਨਸ਼ੀਨ ਸੀ । ਭਗਵੇਂ ਕੱਪੜੇ ਪਾਉਂਦਾ ਸੀ ਅਤੇ ਕਿਸੇ ਮਨੁੱਖ ਨੂੰ ਆਪਣੀ ਸ਼ਕਲ ਨਹੀਂ ਵਿਖਾਉਂਦਾ ਸੀ । ਸਾਰੇ ਦਿਨ ਵਿੱਚ ਇੱਕ ਕਟੋਰਾ ਬੱਕਰੀ ਦਾ ਦੁੱਧ ਪੀਂਦਾ ਸੀ । ਜਦ ਗੁਰੂ ਸਾਹਿਬ ਮਰਦਾਨੇ ਸਹਿਤ ਇਸ ਨੂੰ ਮਿਲਣ ਗਏ ਤਾਂ ਇਸ ਨੇ ਗੁਰੂ ਸਾਹਿਬ ਨੂੰ ਮਿਲਣ ਲਈ ਵੀ ਨਾਂਹ ਕਰ ਦਿੱਤੀ ਸੀ । ਪਰ ਕਿਸੇ ਤਰ੍ਹਾਂ ਉਹ ਗੁਰੂ ਸਾਹਿਬ ਨੂੰ ਇਕਾਂਤ ਵਿੱਚ ਮਿਲਣ ਲਈ ਰਾਜ਼ੀ ਹੋ ਗਿਆ । ਅਖੀਰ ਉਹ ਵੀ ਗੁਰੂ ਸਾਹਿਬ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਹ ਗੁਰੂ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਣ ਲੱਗਾ । ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਦੇ ਬੇਨਤੀ ਕਰਨ ਉਪਰੰਤ ਆਸਾ ਦੀ ਵਾਰ ਉਚਾਰਨ ਕੀਤੀ ।

ਇਨ੍ਹਾਂ ਸਭ ਸਾਖੀਆਂ ਦਾ ਪੂਰਾ-ਪੂਰਾ ਵਰਨਣ ਸਾਨੂੰ ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਗੁਰੂ ਸਾਹਿਬ ਦੇ ਜੀਵਨ ਬਿਉਰੇ ਨਾਲ ਸਬੰਧਿਤ ਭਿੰਨ-ਭਿੰਨ ਪੁਸਤਕਾਂ ਵਿਚੋਂ ਮਿਲਦਾ ਹੈ ।

*ਸ਼ਾਹ ਸ਼ਰਫ ਤੇ ਪੀਰ ਬਹਾਉਦੀਨ :* ਸ਼ਾਹ ਸ਼ਰਫ ਦੇ ਪੁੱਛਣ ਤੇ ਜਦ ਗੁਰੂ ਸਾਹਿਬ ਨੇ ਉਸ ਨੂੰ ਇੱਕ ਸੱਚੇ ਦਰਵੇਸ਼ ਦੇ ਗੁਣ ਦੱਸੇ ਤਾਂ ਸੁਣ ਕੇ ਅਤਿ ਪ੍ਰਭਾਵਿਤ ਹੋਇਆ । ਇਸੇ ਪ੍ਰਕਾਰ ਮੁਲਤਾਨ ਦੇ ਪੀਰ ਬਹਾਉਦੀਨ ਦੁਆਰਾ ਗੁਰੂ ਸਾਹਿਬ ਨੂੰ ਭੇਜੇ ਗਏ ਇੱਕ ਦੁੱਧ ਦੇ ਭਰੇ ਕਟੋਰੇ ਵਿੱਚ ਗੁਰੂ ਸਾਹਿਬ ਨੇ ਚੰਬੇਲੀ ਦਾ ਫੁੱਲ ਰੱਖਕੇ ਜਦ ਵਾਪਿਸ ਭੇਜਿਆ ਤੇ ਉਸ ਦੇ ਸੁਆਲ ਦਾ ਜੁਆਬ ਉਸ ਨੂੰ ਮਿਲ ਗਿਆ । ਉਹ ਬੜਾ ਹੀ ਪ੍ਰਭਾਵਿਤ ਹੋਇਆ । ਉਸ ਦਿਨ ਤੋਂ ਬਾਅਦ ਪੀਰ ਕਾਬੇ ਵੱਲ ਮੂੰਹ ਕਰਕੇ ਨਮਾਜ਼ ਪੜ੍ਹਨ ਦੀ ਬਜਾਏ ਕਰਤਾਰਪੁਰ ਵੱਲ ਮੂੰਹ ਕਰਕੇ ਨਮਾਜ਼ ਪੜ੍ਹਨ ਲੱਗਾ ਅਤੇ ਗੁਰੂ ਸਾਹਿਬ ਨੂੰ ਹੀ ਖੁਦਾ ਦਾ ਰੁਤਬਾ ਦੇਣ ਲੱਗਾ ।

*ਸੱਜਣ :* ਸੱਜਣ ਦਾ ਵੀ ਗੁਰੂ ਸਾਹਿਬ ਨੇ ਬਾਣੀ ਰਾਹੀਂ ਉਧਾਰ ਕੀਤਾ ਅਤੇ ਉਸ ਨੂੰ ਸਿੱਧੇ ਰਾਹ ਪਾਇਆ । ਗੁਰੂ ਸਾਹਿਬ ਦਾ ਉਚਾਰਣ ਕੀਤਾ ਹੋਇਆ ਸ਼ਬਦ ਸੁਣ ਕੇ ਸੱਜਣ ਹਲੂਣਿਆ ਗਿਆ ਤੇ ਉਸ ਨੂੰ ਆਪਣੇ ਕੁਕਰਮਾਂ ਦਾ ਅਹਿਸਾਸ ਹੋ ਗਿਆ । ਉਸ ਦਿਨ ਤੋਂ ਬਾਅਦ ਉਹ ਨੇਕ ਆਦਮੀ ਬਣ ਗਿਆ ।

ਇਨ੍ਹਾਂ ਸਭ ਸਾਖੀਆਂ ਅਨੁਸਾਰ ਗੁਰੂ ਸਾਹਿਬ ਦੇ ਜੀਵਨ ਦੀਆਂ ਚੋਹਾਂ ਉਦਾਸੀਆਂ ਸਮੇਂ ਬਹੁਤ ਸਾਰੇ ਮੁਸਲਮਾਨ ਪੀਰ ਫਕੀਰ ਉਨ੍ਹਾਂ ਨੂੰ ਮਿਲੇ, ਜਿਨ੍ਹਾਂ ਦਾ ਗੁਰੂ ਸਾਹਿਬ ਨੇ ਸਮੇਂ ਸਮੇਂ ਤੇ ਉਧਾਰ ਕੀਤਾ ।

*ਭਾਈ ਮਰਦਾਨਾ :* ਗੁਰੂ ਨਾਨਕ ਦੇਵ ਜੀ ਦੇ ਮੁਸਲਮਾਨ ਸ਼ਿਸ਼ ਅਤੇ ਉਨ੍ਹਾਂ ਨਾਲ ਸੰਬੰਧਾਂ ਦੀ ਸਭ ਤੋਂ ਵੱਡੀ ਉਦਾਹਰਨ ਭਾਈ ਮਰਦਾਨਾ ਜੀ ਹਨ, ਜਿਨ੍ਹਾਂ ਦੀ ਵੰਸ਼ਾਵਲੀ ਡੂੰਮ-ਮਰਾਸੀ, ਮੁਸਲਮਾਨ ਸੀ ਅਤੇ ਗੁਰੂ ਨਾਨਕ ਦੇਵ ਜੀ ਦੇ ਬਚਪਨ ਦਾ ਸਾਥੀ ਸੀ । ਇਹ ਸਾਰੀ ਉਮਰ ਗੁਰੂ ਸਾਹਿਬ ਦੇ ਨਾਲ ਰਿਹਾ । ਗੁਰੂ ਨਾਨਕ ਦੇਵ ਜੀ ਜਦ ਧੁਰ ਕੀ ਬਾਣੀ ਦੇ ਅਲਾਪ ਦਾ ਆਨੰਦ ਮਾਣਦੇ ਸਨ ਤਾਂ ਭਾਈ ਮਰਦਾਨਾ ਰਬਾਬ ਨਾਲ ਉਨ੍ਹਾਂ ਦੀ ਸੰਗਤ ਕਰਦਾ ਸੀ । ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਰਬਾਬ ਦੀ ਸਿੱਖਿਆ ਭਾਈ ਫਿਰੰਦੇ ਤੋਂ ਵਿਧੀ ਪੂਰਵਕ ਦਿਵਾਈ । ਗੁਰੂ ਸਾਹਿਬ ਭਾਈ ਮਰਦਾਨੇ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਕਿਹਾ ਕਰਦੇ ਸਨ ਮਰਦਾਨਿਆ *'ਜਿੱਥੇ ਤੇਰਾ ਵਾਸਾ ਉਥੇ ਮੇਰਾ ਵਾਸਾ ।'* ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ, ਲਿਖਿਆ ਹੈ ਕਿ, ਜਦ ਮਰਦਾਨਾ ਜੀ ਅਕਾਲ ਪੁਰਖ ਨੂੰ ਪਿਆਰੇ ਹੋ ਗਏ ਤੇ ਉਸ ਤੋਂ ਬਾਅਦ ਗੁਰੂ ਸਾਹਿਬ ਬਹੁਤ ਸਮਾਂ ਉਦਾਸ ਰਹੇ । ਮਰਦਾਨੇ ਦੇ ਚਲਾਣੇ ਤੋਂ ਬਾਅਦ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ ਸੀ *"ਫੂਟੀ ਤੰਦ ਰਬਾਬ ਕੀ ਬਾਜੇ ਨਹੀਂ ਵਿਯੋਗ ।"* ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਤੱਕ ਮਰਦਾਨੇ ਦੇ ਪੁੱਤਰ ਪੋਤਰਿਆਂ ਨੂੰ ਹੀ ਗੁਰੂ ਦਰਬਾਰਾਂ ਵਿੱਚ ਕੀਰਤਨ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ । ਰਬਾਬੀ ਵੰਸ਼ ਦੇ ਲੋਕ ਅੱਜ ਵੀ ਗੁਰੂ ਦੇ ਪੱਕੇ ਸਿੱਖ ਕਹਾਉਂਦੇ ਹਨ ਅਤੇ ਵਿਸ਼ੇਸ਼ ਤੌਰ ਤੇ ਗੁਰੂ ਬਾਣੀ ਕੀਰਤਨ ਕਰਨ ਦੀ ਮੁਹਾਰਤ ਰੱਖਦੇ ਹਨ । ਭਾਈ ਮਰਦਾਨਾ ਜੀ ਦੇ ਦੋ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਕੇ ਗੁਰੂ ਅਰਜਨ ਦੇਵ ਨੇ ਉਨ੍ਹਾਂ ਨੂੰ ਗੁਰੂਆਂ ਵਾਲੇ ਸਨਮਾਨ ਦੇ ਯੋਗ ਬਣਾ ਦਿੱਤਾ ਹੈ ।

*ਵਲੀ ਕੰਧਾਰੀ :* ਹਸਨ ਅਬਦਾਲ (ਹੁਣ ਪੰਜਾ ਸਾਹਿਬ) ਦੀ ਪਹਾੜੀ ਦੀ ਚੋਟੀ ਉਤੇ ਡੇਰਾ ਬਣਾ ਕੇ ਰਹਿੰਦਾ ਪੀਰ ਵਲੀ ਕੰਧਾਰੀ ਆਪਣੀਆਂ ਅਦਭੁਤ ਸ਼ਕਤੀਆਂ ਤੇ ਬੜਾ ਮਾਨ ਕਰਦਾ ਸੀ । ਮਰਦਾਨਾ ਆਪਣੀ ਪਿਆਸ ਬੁਝਾਉਣ ਲਈ ਉਸ ਕੋਲੋਂ ਪਾਣੀ ਮੰਗਣ ਗਿਆ । ਮੁਸਲਮਾਨ ਹੋ ਕੇ ਇਕ ਹਿੰਦੂ ਫਕੀਰ ਦਾ ਮੁਰੀਦ ਬਣ ਜਾਣ ਕਾਰਨ ਵਲੀ ਕੰਧਾਰੀ ਨੇ ਮਰਦਾਨੇ ਨੂੰ ਪਾਣੀ ਦੇਣ ਤੋਂ ਨਾਂਹ ਕਰ ਦਿੱਤੀ । ਉਸ ਦਾ ਹੰਕਾਰ ਤੋੜਨ ਲਈ ਗੁਰੂ ਨਾਨਕ ਦੇਵ ਨੇ ਪਾਣੀ ਦੇ ਮੂਲ ਸੋਮੇਂ ਤੋਂ ਪੱਥਰ ਹਟਾ ਕੇ ਪਹਾੜੀ ਦਾ ਪਣੀ ਹੇਠਾਂ ਖਿਚ ਲਿਆ । ਗੁੱਸੇ ਵਿਚ ਆ ਕੇ ਵਲੀ ਕੰਧਾਰੀ ਨੇ ਪਹਾੜੀ ਤੋਂ ਇਕ ਚਟਾਨ ਗੁਰੂ ਜੀ ਵੱਲ ਸੁੱਟੀ, ਜੋ ਗੁਰੂ ਜੀ ਨੇ ਰਾਹ ਵਿੱਚ ਹੀ ਰੋਕ ਕੇ ਵਲੀ ਕੰਧਾਰੀ ਦਾ ਹੰਕਾਰ ਚਕਨਾ ਚੂਰ ਕਰ ਦਿੱਤਾ । ਇਸ ਉਪਰੰਤ ਜਦੋਂ ਵਲੀ ਪਹਾੜੀ ਤੋਂ ਹੇਠਾਂ ਉਤਰਿਆ ਤਾਂ ਗੁਰੂ ਜੀ ਨੇ ਰੂਹਾਨੀ ਦਰਸ਼ਨ ਕਰ ਕੇ ਸ਼ਾਤ ਹੋ ਗਿਆ । ਗੁਰਦੁਆਰਾ ਪੰਜਾ ਸਾਹਿਬ ਇਸ ਮਿਲਣੀ ਦੀ ਯਾਦਗਾਰ ਹੈ ।

ਮੀਆਂ ਮਿੱਠਾ, ਜਲਾਲ, ਬਾਬਾ ਬੁੱਢਣ ਸ਼ਾਹ , ਪੀਰ ਅਬਦੁਲ ਰਹਿਮਾਨ ਤੇ ਬਗਦਾਦ ਦੇ ਫਕੀਰ ਮੁਰਾਦ ਆਦਿ ਦੇ ਜ਼ਿਕਰ ਬਿਨਾਂ ਗੁਰੂ ਨਾਨਕ ਦੇ ਸੰਪਰਕ ਵਿੱਚ ਆਏ ਮੁਸਲਮਾਨਾਂ ਬਾਰੇ ਵਿਚਾਰ ਅਧੂਰਾ ਹੋਵੇਗਾ ।

ਇਹ ਗੱਲ ਬਿਨਾਂ ਸੰਕੋਚ ਲਿਖੀ ਜਾ ਸਕਦੀ ਹੈ ਕਿ ਗੁਰੂ ਸਾਹਿਬ ਦੇ ਹਜ਼ਾਰਾਂ ਹੀ ਮੁਸਲਮਾਨ ਪ੍ਰਸ਼ੰਸਕ ਅਤੇ ਮੁਰੀਦ ਸਨ । ਉਹ ਆਪ ਕਿਸੇ ਖਾਸ ਫਿਰਕੇ ਜਾਂ ਸੰਪਰਦਾ ਦੇ ਪ੍ਰਸ਼ੰਸਕ ਨਹੀਂ ਸਨ । ਉਨ੍ਹਾਂ ਦਾ ਧਰਮ ਸਾਰੇ ਮਨੁੱਖ ਮਾਤਰ ਦੀ ਸੇਵਾ ਕਰਨਾ ਸੀ । ਪਟਨਾ ਯੂਨੀਵਰਸਿਟੀ ਵਿੱਚ ਉਰਦੂ ਵਿਭਾਗ ਦੇ ਰਹਿ ਚੁੱਕੇ ਮੁੱਖੀ ਸਯਦ ਅਖ਼ਤਰ ਅਹਿਮਦ ਉਰੇਨਵੀ ਨੇ ਗੁਰੂ ਸਾਹਿਬ ਦੇ ਸਬੰਧ ਵਿੱਚ ਲਿਖਿਆ ਹੈ ਕਿ "ਨਾਨਕ ਦੇ ਉਪਦੇਸ਼ ਤੇ ਸੰਦੇਸ਼ ਅਜੇ ਵੀ ਜ਼ਿੰਦਾ ਹਨ ਉਹ ਆਚਰਣ ਉਸਾਰੀ ਤੇ ਅਧਿਆਤਮਿਕ ਪੁਨਰ ਜੀਵਨ ਦੇ ਮਹਾਨ ਸੋਮੇ ਸਨ, ਗੁਰੂ ਨਾਨਕ ਨੇ ਕੁਰੀਤੀਆਂ ਤੇ ਜਾਤਪਾਤ ਦੀਆਂ ਵੰਡੀਆ ਵਿਰੁਧ ਜ਼ੋਰਦਾਰ ਆਵਾਜ਼ ਉਠਾਈ ।"

# ਲਿਵ ਧਾਤੁ ਦੋਇ ਰਾਹ ਹੈ

ਪ੍ਰਿੰ. ਸੁਰਜੀਤ ਸਿੰਘ

ਹਰ ਪ੍ਰਾਣੀ ਜਦ ਪੈਦਾ ਹੁੰਦਾ ਹੈ ਤਾਂ ਆਪਣੀ ਹਸਤੀ ਦੀ ਵਖਰੀ ਪਛਾਣ ਸਥਾਪਤ ਕਰਨ ਲਈ ਸਵੈ ਸੰਭਾਲ, ਸਵੈ ਪ੍ਰਗਟਾਵੇ ਤੇ ਸਵੈ ਰੱਖਿਆ ਦੀ ਸੁਆਰਥੀ ਰੁਚੀ ਦਾ ਕੁਦਰਤੀ ਅਸਾਸਾ ਲੈਕੇ ਪੈਦਾ ਹੁੰਦਾ ਹੈ । ਇਸ ਸੁਆਰਥੀ ਰੁਚੀ ਨੂੰ "ਹਉਮੈ" ਆਖਦੇ ਹਨ । ਇਸ ਦੇ ਸਹਾਰੇ ਉਹ ਜੀਵਨ ਘੋਲ ਘੁਲਦਾ ਹੋਇਆ ਅਪਣੀ ਹਸਤੀ ਨੂੰ, ਆਪਣੇ ਵਿਅਕਤਿਤਵ ਨੂੰ ਉਸਾਰਦਾ ਤੇ ਦੂਸਰਿਆਂ ਤੋਂ ਆਪਣੇ ਆਪ ਨੂੰ ਬਚਾਂਦਾ ਹੋਇਆ ਜ਼ਿੰਦਗੀ ਜਿਉਂਦਾ ਹੈ । ਇਸ ਦੇ ਨਾਲ ਹੀ ਉਹ ਆਪਣੀ ਨਸਲ ਨੂੰ ਵੀ ਸਥਾਪਤ ਕਰਦਾ ਹੈ ਅਤੇ ਅਪਣੇ ਬੱਚਿਆਂ ਨੂੰ ਵੀ ਜੀਵਨ ਘੋਲ ਘੁਲਣ ਲਈ ਤਿਆਰ ਕਰਦਾ ਹੈ । *"ਹਉਮੈ ਕਰਿ ਕਰਿ ਜੰਤ ਉਪਾਇਆ"* ਤੇ *"ਹਉਮੈ ਵਿਚ ਜਗੁ ਉਪਜੈ ਪੁਰਖਾ"* ਜਗਤ ਨੂੰ ਚਲਦਾ ਰੱਖਣ ਲਈ ਸੁਆਰਥੀ ਰੁਚੀ ਦੀ ਅਹਿਮੀਅਤ ਵੱਲ ਸੰਕੇਤ ਕਰਦੀਆਂ ਤੁਕਾਂ ਹਨ ।

ਇਸ ਸੁਆਰਥੀ ਰੁਚੀ ਦੇ ਨਾਲ ਹੀ ਪਰਮਾਤਮਾ ਨੇ ਹਰ ਪ੍ਰਾਣੀ ਨੂੰ ਸੁਰਤ ਬਖ਼ਸ਼ੀ ਹੈ ਜੋ ਇਸ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਨ ਤੇ ਰਵੱਈਆ ਨਿਸ਼ਚਿਤ ਕਰਦੀ ਹੈ । ਜੀਵਨ ਜਾਚ ਤੇ ਜੀਵਨ ਰਾਹ ਇਸੇ ਦ੍ਰਿਸ਼ਟੀਕੋਨ ਅਨੁਸਾਰ ਹੀ ਹੋਵੇਗਾ ।

*ਏਕਾ ਸੁਰਤਿ ਜੇਤੇ ਹੈ ਜੀਅ "*
*ਸੁਰਤਿ ਵਿਹੂਣਾ ਕੋਇ ਨ ਕੀਅ "*
*ਜੇਹੀ ਸੁਰਤਿ ਤੇਹਾ ਤਿਨ ਰਾਹੁ "*
*ਲੇਖਾ ਏਕੋ ਆਵਹੁ ਜਾਹੁ "*

(ਸਿਰੀ ਰਾਗੁ ਮ : ੧, ਪੰ : ੨੪)

ਜ਼ਿੰਦਗੀ ਜਿਊਣ ਲਈ ਆਹਾਰ ਦੇ ਰੂਪ ਵਿਚ ਪਦਾਰਥੀ ਅਸਾਸਾ *"ਸਗਲੀ ਧਰਤੀ ਮਾਲ ਧਨ"* ਦੇ ਰੂਪ ਵਿੱਚ ਪਰਮਾਤਮਾ ਵੱਲੋਂ ਮੁਹੱਈਆ ਕੀਤਾ ਹੋਇਆ ਹੈ । ਇਸ ਨੂੰ ਪ੍ਰਾਪਤ ਕਰਨ ਲਈ ਹਰ ਪ੍ਰਾਣੀ ਨੂੰ ਦੌੜ ਭੱਜ ਤੇ ਮਿਹਨਤ ਕਰਨੀ ਪੈਂਦੀ ਹੈ । ਇਸ ਦੇ ਨਾਲ ਹੀ ਹਰ ਪ੍ਰਾਣੀ ਨੂੰ ਅਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਕੁਦਰਤੀ ਅਪਦ੍ਰਾਵਾਂ (ਮੌਸਮ ਆਦਿ) ਅਤੇ ਅਪਣੇ ਤੋਂ ਡਾਢੇ ਪ੍ਰਾਣੀਆਂ ਦੀ ਮਾਰ ਤੋਂ ਬਚਾਣ ਲਈ, ਡਰਦਿਆਂ ਮਾਰਿਆਂ ਵੀ ਕਈ ਪ੍ਰਕਾਰ ਦੀ ਦੌੜ ਭੱਜ ਕਰਨੀ ਪੈਂਦੀ ਹੈ ।

*ਭੁਖੈ ਚਾਤਿ ਭਵਾਈਅਹਿ ਜੰਤ-----*
*ਪਇਐ ਕਿਰਤਿ ਨਚੈ ਸਭ ਕੋਇ ॥*

(ਵਾਰ ਆਸਾ ਮ: ੧, ਪੰ ੪੬੫)

ਪ੍ਰਾਣੀ ਜਗਤ ਵਿੱਚ ਪੰਛੀਆਂ ਦੀਆਂ ਡਾਰਾਂ ਤੇ ਪਸ਼ੂਆਂ ਦੇ ਵੱਗਾਂ ਦਾ ਮੌਸਮ ਅਨੁਸਾਰ ਖੁਰਾਕ ਦੀ ਬਦਲਦੀ ਸਥਿਤੀ ਮੁਤਾਬਕ, ਅਪਣੇ ਆਪ ਕਈ ਕਈ ਮੀਲਾਂ ਦਾ ਪੈਂਡਾ ਮਾਰਕੇ ਸਥਾਨ ਬਦਲੀ ਕਰਨਾ ਤੇ ਭੱਜਦਿਆਂ ਰਹਿਣਾ ਆਮ ਦੇਖਿਆ ਜਾ ਸਕਦਾ ਹੈ । ਮਨੁੱਖ ਵੀ ਖੁਰਾਕ ਤੇ ਰੋਜ਼ਗਾਰ ਪਿੱਛੇ ਭਾਜੜ ਵਿੱਚ ਪਿਆ ਰਹਿੰਦਾ ਹੈ । ਆਹਾਰ ਪਿੱਛੇ ਦੌੜ ਤੇ ਭਾਜੜ ਦੀ ਇਸ ਕੁਦਰਤੀ ਰੁਚੀ ਨੂੰ ਧਾਤ (ਧਾਵਨਾ ਦੇ ਸੰਖੇਪ) ਕਿਹਾ ਗਿਆ ਹੈ । ਮਨੁੱਖ ਸਮੇਤ ਸਾਰੇ ਪ੍ਰਾਣੀ ਜਗਤ ਦੀ ਸੁਰਤ ਇਸ ਦੌੜ ਭੱਜ ਉੱਤੇ ਟਿਕੀ ਰਹਿੰਦੀ ਹੈ । ਇਹ ਹੀ ਉਨ੍ਹਾਂ ਦਾ ਜੀਵਨ ਪ੍ਰਤੀ ਰਵੱਈਆ ਤੇ ਜੀਵਨ ਰਾਹ ਨਿਸ਼ਚਿਤ ਕਰਦੀ ਹੈ । ਪ੍ਰਤੱਖ ਹੀ, ਧਾਤ ਇਕ ਮਹੱਤਵਪੂਰਨ ਜੀਵਨ ਰਾਹ ਮੰਨਿਆ ਗਿਆ ਹੈ ।

ਇਸ ਰਸਤੇ ਨੂੰ ਮਾਇਆ ਦਾ ਰਾਹ ਵੀ ਕਿਹਾ ਗਿਆ ਹੈ । ਪਦਾਰਥ ਦੇ ਰੂਪ ਵਿੱਚ ਜੀਵਨ ਆਹਾਰ ਆਪਣੇ ਆਪ ਵਿੱਚ ਮਾਇਆ ਹੈ । ਅਤੇ ਦੂਸਰੇ ਪਾਸੇ ਇਸ ਰਸਤੇ ਦਾ ਅੰਤ੍ਰੀਵੀ ਉਦੇਸ਼, ਮੂਲ ਮੰਤਵ ਤੇ ਕੇਂਦਰ ਬਿੰਦੂ ਪ੍ਰਾਣੀ ਦਾ ਆਪਣਾ ਨਿਜਤਵ, ਉਸ ਦਾ ਵਿਅਕਤਤਵ ਜਾਂ ਹਉਮੈਂ ਉਸਾਰਨਾ ਹੀ ਹੁੰਦਾ ਹੈ । ਇਹ ਹਉਮੈਂ ਆਪਣੇ ਆਪ ਵਿਚ ਭੁਲੇਖਾ ਤੇ ਮਾਇਆ ਹੈ । ਹਰ ਪ੍ਰਾਣੀ ਅਪਣੇ ਆਪ ਵਿੱਚ ਪਦਾਰਥ ਹੁੰਦਾ ਹੈ, ਦੂਸਰਿਆਂ ਦਾ ਆਹਾਰ ਹੁੰਦਾ ਹੈ, ਤੇ ਉਨ੍ਹਾਂ ਦੀ ਵਰਤੋਂ ਦੀ ਚੀਜ਼ ਹੁੰਦਾ ਹੈ । ਇਸ ਤਰ੍ਹਾਂ ਪਦਾਰਥ ਤੋਂ ਪਦਾਰਥ ਜਾਂ ਮਾਇਆ ਤੋਂ ਮਾਇਆ ਉਸਰਦੀ ਹੈ, ਤੇ ਅੰਤ ਮਾਇਆ ਵਿਚ ਹੀ ਸਮਾ ਜਾਂਦੀ ਹੈ – ਖੈ ਹੋ ਜਾਂਦੀ ਹੈ । ਮਾਇਆ ਦੇ ਇਸ ਰਾਹ ਨੂੰ ਜੋ ਆਪਣੇ ਆਪ ਵਿਚ ਧਾਤ ਉੱਤੇ ਅਧਾਰਤ ਹੈ, ਧਾਤ ਦਾ ਰਾਹ ਕਿਹਾ ਗਿਆ ਹੈ ।

ਦੂਸਰੇ ਪਾਸੇ ਕਰਤਾ ਪੁਰਖ ਪਰਮਾਤਮਾ ਨੇ ਹਰ ਪ੍ਰਾਣੀ ਵਿੱਚ ਅਪਣੇ ਬੱਚਿਆਂ ਨੂੰ ਪਾਲਣ ਪੋਸਣ ਲਈ, ਉਨ੍ਹਾਂ ਨਾਲ ਪਿਆਰ ਕਰਨ, ਦੂਸਰੇ ਸਾਥੀਆਂ ਦੇ ਸੰਗ ਵਿਚ ਰਹਿਣ (gregariousness) ਤੇ ਕਈ ਵਾਰੀ ਦੂਸਰਿਆਂ ਨਾਲ ਸਹਾਇਤਾ, ਸਹਿਯੋਗ, ਲਿਹਾਜ਼ ਤੇ ਪਿਆਰ ਵਿਚ ਰਹਿਣ ਦੀ ਰੁਚੀ ਪਾਈ ਹੈ । ਪਿਆਰ ਦੀ ਇਸ ਰੁਚੀ ਨੂੰ ਲਿਵ ਵੀ ਕਿਹਾ ਗਿਆ ਹੈ । (ਮੂਲ ਸੰਸਕ੍ਰਿਤ ਸ਼ਬਦ ਲਿਪਸਾ= ਪ੍ਰੀਤ/ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਪੰ: 1067*

** ਇਸ ਹਾਲਤ ਵਿਚ ਇਸਦਾ ਨਿਸ਼ਾਨਾ ਆਕਾਰੀ ਦੁਨੀਆਂ ਤੋਂ ਉਠ ਨਿਰੰਕਾਰੀ ਹੋ ਜਾਂਦਾ ਹੈ ।*

ਮਾਇਆ ਜਾਂ ਧਾਤ ਦੇ ਮੁਕਾਬਲੇ ਵਿੱਚ ਇਸ ਰੁਚੀ ਨੂੰ ਪਰਮਾਤਮਾ ਦੀ ਅੰਸ਼ ਮੰਨਿਆ ਗਿਆ ਹੈ, ਪਰਮਾਤਮਾ ਖੁਦ ਪਿਆਰ ਹੈ ਅਤੇ ਪਿਆਰ ਦਾ ਸਰੋਤ ਹੈ । ਇਸ ਰੁਚੀ ਦਾ ਅੰਤ੍ਰੀਵ ਨਿਸ਼ਾਨਾ ਸਵੈ ਜਾਂ ਹਉਮੈ ਦੀ ਉਸਾਰੀ ਨਹੀਂ ਸਗੋਂ ਦੂਸਰਿਆਂ ਨਾਲ ਰਲਕੇ ਸਮੁੱਚਤਾ ਵਿਚ ਰਹਿਣਾ ਹੈ ।

*ਲਿਵ ਧਾਤੁ ਦੋਇ ਰਾਹ ਹੈ ਹੁਕਮੀ ਕਾਰ ਕਮਾਇ "*

(ਸਿਰੀ ਰਾਗੁ ਵਾਰ ਮ: ੩, ਪੰ: ੮੭)

ਜ਼ਿੰਦਗੀ ਦਾ ਪ੍ਰਵਾਹ ਚਲਾਣ ਲਈ ਇਹ ਦੋਵੇਂ ਰੁਚੀਆਂ ਕਰਤਾ ਪੁਰਖ ਦੇ ਹੁਕਮ ਦਾ ਜ਼ਰੂਰੀ ਭਾਗ ਹਨ ।

*ਮਾਇਆ ਮਮਤਾ ਕਰਤੇ ਲਾਈ "*
*ਇਹ ਹੁਕਮ ਕਰ ਸ੍ਰਿਸਟਿ ਉਪਾਈ "*

(ਮਲਾਰ ਮ: ੩, ਪੰ: ੧੨੯੧)

*"ਸੰਜੋਗ ਵਿਜੋਗ ਦੋਇ ਕਾਰ ਚਲਾਵੈ, ਲੇਖੇ ਆਵੈ ਭਾਗ "* (ਜਪੁ ਜੀ ਸਾਹਿਬ) ਵਿੱਚ ਇਨ੍ਹਾਂ ਦੋਹਾਂ ਰੁਚੀਆਂ ਦਾ ਜ਼ਿਕਰ ਹੈ ।

ਧਾਤ, ਯਾਨੀ ਮਾਇਆ ਵਾਲੀ ਰੁਚੀ ਦਾ ਮੰਤਵ ਪਦਾਰਥ ਦੀ ਖੋਹ ਘਸੀਟ ਕਰਕੇ ਨਿਜਤਵ ਉਸਾਰਨਾ ਹੈ । ਇਸ ਦੀ ਪਹੁੰਚ ਸਵੈ ਵਿਰਤੀ ਹੈ ਅਤੇ ਇਕ ਨਾਲ ਜੁੜੀ ਹੋਈ ਹੁੰਦੀ ਹੈ । Centripetal Force ਵਾਂਗ ਕੇਂਦਰ ਮੁਖੀ ਹੋਣ ਕਰਕੇ, ਕੇਵਲ ਸਵੈ ਦੇ ਕੇਂਦਰ ਵੱਲ ਹੀ ਖਿੱਚ ਪਾਉਂਦੀ ਹੈ, ਉਸ ਦੇ ਦੁਆਲੇ ਦੁਆਲੇ ਹੀ ਰਹਿੰਦੀ ਹੈ । "ਮੈਂ" ਪ੍ਰਧਾਨ ਇਹ ਰੁਚੀ ਖਾਣ, ਉਜਾੜਣ, ਲੜਣ ਮਾਰਨ ਤੇ ਮਰਨ ਉਤੇ ਆਧਾਰਤ ਹੋਣ ਕਰਕੇ ਉਜਾੜੂ ਤੇ ਨਾਂਹ ਪੱਖੀ ਰੁਚੀ ਕਹੀ ਜਾ ਸਕਦੀ ਹੈ । ਅਸਥਿਰਤਾ ਤੇ ਨਿਤ ਬਦਲਦੇ ਰਹਿਣਾ ਇਸ ਦਾ ਮੀਰੀ ਗੁਣ ਹੈ ਜਿਸ ਕਰਕੇ ਇਸ ਨੂੰ ਭੁਲੇਖਾ ਜਾਂ ਮਾਇਆ ਕਿਹਾ ਜਾਂਦਾ ਹੈ । ਬਿਜਲੀ ਦੀ ਨੈਗੇਟਿਵ ਕਰੰਟ ਵਾਂਗ ਇਸ ਦੀ ਅੰਤ੍ਰੀਵ ਲਭਿਤ ਕੁਝ ਨਹੀਂ ਹੁੰਦੀ- ਤੱਤ ਕੁਝ ਨਹੀਂ ਨਿਕਲਦਾ ।

ਲਿਵ ਵਾਲੀ ਰੁਚੀ ਦਾ ਮੀਰੀ ਗੁਣ ਪਿਆਰ ਹੈ, ਦੂਸਰਿਆਂ ਨਾਲ ਨਿਸ਼ਕਾਮ ਤੇ ਬੇਗਰਜ਼ ਸਾਂਝ ਤੇ ਲਿਹਾਜ਼ ਹੈ, ਉਨ੍ਹਾਂ ਨੂੰ ਕੁਝ ਦੇਣਾ ਤੇ ਉਨ੍ਹਾਂ ਨੂੰ ਉਸਾਰਨਾ ਇਸ ਦਾ ਕਰਤਵ ਹੁੰਦਾ ਹੈ, ਜਿਸ ਕਰਕੇ ਇਸ ਨੂੰ ਹਾਂ-ਪੱਖੀ-(Postive) ਤੇ ਉਸਾਰੂ ਰੁਚੀ ਆਖ ਸਕਦੇ ਹਾਂ । ਜਿਥੇ ਧਾਤ ਵਾਲੇ ਰਾਹ ਦਾ ਵਿਧੀ ਵਿਧਾਨ ਖੋਹ ਘਸੀਟ ਹੈ, ਉਥੇ ਲਿਵ ਵਾਲੇ ਰਾਹ ਦਾ ਵਿਧੀ ਵਿਧਾਨ ਤੇ ਇਸ ਦਾ ਮੂਲ ਡਸਿਪਲਿਨ ਸਮਰਪਣ ਹੁੰਦਾ ਹੈ ।

ਜਿਵੇਂ ਬਿਜਲੀ ਦੀ ਚਾਲ ਲਈ ਪਾਜ਼ੇਟਿਵ ਤੇ ਨੈਗੇਟਿਵ ਕਰੰਟਸ ਦਾ ਨਾਲ ਨਾਲ ਹੋਣਾ ਜ਼ਰੂਰੀ ਹੈ, ਇਸ ਤਰ੍ਹਾਂ ਸ੍ਰਿਸ਼ਟੀ ਦੇ ਪ੍ਰਵਾਹ ਲਈ ਲਿਵ ਤੇ ਧਾਤ ਦੋਹਾਂ ਰਾਹਾਂ ਦਾ ਹੋਣਾ ਜ਼ਰੂਰੀ ਹੈ । ਜੇਕਰ ਪ੍ਰਾਣੀ ਆਪਣੇ ਆਪ ਨੂੰ ਨਾ ਉਸਾਰੇ ਤਾਂ ਉਸ ਦੀ ਜ਼ਾਤ ਤੇ ਨਸਲ ਖਤਮ ਹੋ ਜਾਵੇਗੀ, ਪਰ ਜੇਕਰ ਆਪਾ ਜ਼ਿਆਦਾ ਭਾਰੂ ਹੋ ਜਾਵੇ ਤਾਂ ਦੂਸਰਿਆਂ ਨੂੰ ਖਤਮ ਕਰ ਦੇਵੇਗਾ । ਸਾਰੇ ਪ੍ਰਾਣੀ ਜਗਤ ਵਿੱਚ ਇਨ੍ਹਾਂ ਦੋਹਾਂ ਰੁਚੀਆਂ ਦਾ ਆਪੋ ਵਿੱਚ, ਕਰਤਾ ਪੁਰਖ ਦੇ ਹੁਕਮ ਅਨੁਸਾਰ, ਐਸਾ ਸੰਤੁਲਨ, ਸੰਜਮ ਤੇ ਤਾਲਮੇਲ ਬਣਿਆ ਰਹਿੰਦਾ ਹੈ ਕਿ ਸ੍ਰਿਸ਼ਟੀ ਦਾ ਪ੍ਰਵਾਹ ਸਹਿਜ ਸੁਭਾਅ ਚਲਦਾ ਰਹਿੰਦਾ ਹੈ । *"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ"* ਅਨੁਸਾਰ ਇਹ ਸੰਤੁਲਨ, ਸਹਿਜ ਤੇ ਸੰਜਮ ਉਸੇ ਦਾ ਹੁਕਮ ਹੈ । ਇਸੇ ਕਰ ਕੇ ਸੰਜਮ, ਸਹਿਜ ਤੇ ਹੁਕਮ ਤਿੰਨਾਂ ਦਾ ਇੱਕ ਹੀ ਅਰਥ ਸਮਝਿਆ ਜਾਂਦਾ ਹੈ । ਪ੍ਰੰਤੂ ਮਨੁੱਖ ਦੇ ਸੰਬੰਧ ਵਿੱਚ, ਮਨੁੱਖ ਦੇ ਨਿਜੀ ਵਤੀਰੇ ਤੇ ਰਵਈਏ ਕਾਰਣ ਇਸ ਹੁਕਮ ਤੇ ਸਹਿਜ ਦੇ ਸੰਜਮ ਵਿਚ ਕਈ ਵਾਰੀ ਤ੍ਰੇੜਾਂ ਪੈਦਾ ਹੋ ਜਾਂਦੀਆਂ ਹਨ । ਜੇਕਰ ਲਿਵ ਨਾਲੋਂ ਧਾਤ ਜ਼ਿਆਦਾ ਪ੍ਰਧਾਨ ਹੋ ਜਾਵੇ, ਤਾਂ ਮਨੁਖ ਹਉਮੈ ਦੇ ਐਸੇ ਜਟਿਲ ਘੇਰੇ ਵਿਚ ਫਸਦਾ ਹੈ ਕਿ ਉਹ ਨਾ ਕੇਵਲ ਅਹੰਕਾਰੀ ਤੇ ਸਾਕਤ ਹੀ ਹੋ ਨਿਬੜਦਾ ਹੈ, ਬਲਕਿ ਹੁਕਮ ਦੇ ਪ੍ਰਵਾਹ ਵਿੱਚ ਚਲਦੀ ਸਮੁੱਚਤਾ ਯਾਨੀ ਨਾਮ ਨਾਲੋਂ ਵੀ ਟੁਟਦਾ ਤੇ ਦੁਖੀ ਹੁੰਦਾ ਹੈ ।

*"ਨਾਮੁ ਵਿਸਰਿਐ ਦੁਖ ਪਾਈ"* ਵਾਲੀ ਦਸ਼ਾ ਉਤੇ ਜਾ ਪਹੁੰਚਦਾ ਹੈ ।

ਦੂਸਰੇ ਪਾਸੇ ਜੇਕਰ ਉਹ ਧਾਤ ਦੇ ਮੁਕੰਮਲ ਤਿਆਗ ਦੇ ਰਾਹ ਪੈਂਦਾ ਹੈ ਤਾਂ ਜੋਗੀ, ਜੰਗਮ, ਸੰਨਿਆਸੀ ਆਦਿ ਵਾਂਗ ਵੱਸਦੀ ਦੁਨੀਆਂ ਤੋਂ ਮੂੰਹ ਫੇਰ ਕੇ ਸ੍ਰਿਸ਼ਟੀ ਦੇ ਨਾਸ ਤੇ ਤਬਾਹ ਕਰਨ ਦਾ ਸਬੱਬ ਬਣਦਾ ਹੈ । ਇਹ ਦੋਵੇਂ ਹੀ ਰਸਤੇ ਅਤਿ ਦੇ ਰਸਤੇ ਹਨ, ਹੁਕਮ ਦੀ ਉਲੰਘਣਾ ਦੇ ਰਸਤੇ ਹਨ । ਚੂੰਕਿ ਇਨ੍ਹਾਂ ਵਿੱਚ ਮਨੁੱਖ ਦੀ ਅਪਣੀ ਮਰਜ਼ੀ ਜ਼ਿਆਦਾ ਪ੍ਰਧਾਨ ਹੁੰਦੀ ਹੈ, ਉਹ ਅਪਣੇ ਆਲੇ ਦੁਆਲੇ ਆਪਣੇ ਮਨ ਦੀ ਮਰਜ਼ੀ ਦਾ ਵਾਤਾਵਰਨ ਪੈਦਾ ਕਰਦਾ ਹੈ, ਇਸ ਲਈ ਇਨ੍ਹਾਂ ਦੋਹਾਂ ਰਸਤਿਆਂ ਨੂੰ ਗੁਰਮਤਿ ਵਿੱਚ ਮਨਮੁਖ ਦੇ ਰਸਤੇ ਕਿਹਾ ਹੈ ।

ਪ੍ਰੰਤੂ ਲਿਵ ਤੇ ਧਾਤ ਦੇ ਸਹਿਜਮਈ ਸੰਜਮ ਦਾ ਰਸਤਾ, ਜੋ ਕਰਤਾ ਪੁਰਖ ਦੇ ਆਪਣੇ ਹੁਕਮ ਦਾ ਰਸਤਾ ਹੈ, ਉਸ ਨੂੰ ਗੁਰਮਤਿ ਵਿੱਚ ਗੁਰਮੁਖ ਦਾ ਰਾਹ ਕਿਹਾ ਗਿਆ ਹੈ । ਜਿਸ ਦਾ ਵਿਧੀ ਵਿਧਾਨ ਹੈ ਸੁਰਤ ਨੂੰ ਸ਼ਬਦ ਨਾਲ ਜੋੜਨਾ, ਜੋ ਫਿਰ ਆਪਣੇ ਆਪ ਵਿੱਚ ਗੁਰੂ ਪਰਮਾਤਮਾ ਦੀ ਕਿਰਪਾ ਉਤੇ ਨਿਰਭਰ ਕਰਦਾ ਹੈ ।

*ਲਿਵ ਧਾਤੁ ਦੋਇ ਰਾਹ ਹੈ*
*ਹੁਕਮੀ ਕਾਰ ਕਮਾਇ ॥*
*ਗੁਰਮੁਖਿ ਅਪਣਾ ਮਨੁ ਮਾਰਿਆ*
*ਸਬਦਿ ਕਸਵਟੀ ਲਾਇ ॥*

(ਸਿਰੀ ਰਾਗੁ ਵਾਰ ਮ:੩, ਪੰ: ੮੭)

# ਮੇਰੀ ਅਮਰੀਕਾ ਯਾਤਰਾ - 3
# "ਬਾਗਾਂ ਦੇ ਪ੍ਰਾਂਤ ਦੇ ਆਲੇ-ਦੁਆਲੇ

ਡਾ. ਜਾਗੀਰ ਸਿੰਘ

'ਗੁਰਦੁਆਰਾ ਬ੍ਰਿਜਵਾਟਰ' ਅਮਰੀਕਾ ਦੇ 'ਨਿਊਜਰਸੀ' ਪ੍ਰਾਂਤ ਵਿੱਚ ਹੈ । ਇਹ ਪ੍ਰਾਂਤ ਹਰਿਆ-ਭਰਿਆ ਹੈ । ਇਸ ਕਰਕੇ ਇਸ ਨੂੰ 'ਬਾਗਾਂ ਦਾ ਪ੍ਰਾਂਤ' ਜਾਂ 'ਗਾਰਡਨ ਸਟੇਟ' ਵੀ ਕਿਹਾ ਜਾਂਦਾ ਹੈ । ਉਥੇ ਕਾਰਾਂ ਉਪਰ ਲੱਗੀਆਂ ਨੰਬਰ ਪਲੇਟਾਂ ਦੇ ਨਾਲ ਇਹ ਨਾਅਰਾ ਆਮ ਲਿਖਿਆ ਮਿਲਦਾ ਹੈ :- "ਆਈ ਲਵ ਗਾਰਡਨ ਸਟੇਟ" । ਆਪਣੇ ਭਾਰਤ ਵਿੱਚ ਤਾਂ ਜੇ ਕਹਿ ਦੇਈਏ ਕਿ 'ਅਸੀਂ ਪੰਜਾਬ ਨੂੰ ਪਿਆਰ ਕਰਦੇ ਹਾਂ, ਤਾਂ ਬਾਕੀ ਕੈਰੀ ਅੱਖ ਨਾਲ ਵੇਖਣ ਲੱਗ ਪੈਂਦੇ ਹਨ । ਨਿਊਜਰਸੀ ਪ੍ਰਾਂਤ ਦੀਆਂ ਸੜਕਾਂ ਦੇ ਆਲੇ-ਦੁਆਲੇ ਹਰਿਆਲੀ ਹੀ ਹਰਿਆਲੀ ਨਜ਼ਰ ਆਉਂਦੀ ਹੈ । ਮਿੱਟੀ ਤਾਂ ਕਿਤੇ ਨੰਗੀ ਨਜ਼ਰ ਆਉਂਦੀ ਨਹੀਂ । ਜੇ ਕਿਤੇ ਵੀ ਮਿੱਟੀ ਹੈ ਤਾਂ ਉਥੇ ਘਾਹ ਲਗਾ ਦਿੱਤਾ ਜਾਂਦਾ ਹੈ । ਲੋਕ ਆਪਣੇ ਘਰਾਂ ਦੇ ਨੇੜੇ ਸੜਕ ਦੇ ਨਾਲ-ਨਾਲ ਲੱਗੇ ਘਾਹ ਦੀ ਰਖਵਾਲੀ ਵੀ ਕਰਦੇ ਹਨ । ਛੁੱਟੀ ਵਾਲੇ ਦਿਨ ਜੇ ਕਿਤੇ ਧੁੱਪ ਹੋਵੇ ਤਾਂ ਮਰਦ ਤੀਵੀਆਂ ਨਿੱਕਰਾਂ ਤੇ ਝੱਗੀਆਂ ਪਾਈ ਘਾਹ ਨੂੰ ਪਾਣੀ ਦੇਂਦੇ ਨਜ਼ਰ ਆ ਜਾਂਦੇ ਹਨ ।

ਗੁਰਦੁਆਰਾ ਬ੍ਰਿਜਵਾਟਰ ਦਾ ਆਲਾ-ਦੁਆਲਾ ਵੀ ਸਜਾਇਆ ਜਾ ਰਿਹਾ ਹੈ । ਇੱਕ ਦਿਨ ਮੈਂ ਵੇਖਿਆ ਇੱਕ ਸੱਜਣ ਸੈਂਕੜਿਆਂ ਦੀ ਗਿਣਤੀ ਵਿੱਚ ਸੁੰਦਰ ਬੂਟਿਆਂ ਵਾਲੇ-ਵੱਡੇ-ਵੱਡੇ ਗਮਲੇ ਗੁਰਦੁਆਰੇ ਦੇ ਆਸੇ-ਪਾਸੇ ਸਜਾ ਰਿਹਾ ਸੀ । ਉਸ ਦੇ ਚਿਹਰੇ ਤੇ ਇੱਕ ਸੰਤੁਸ਼ਟਤਾ ਸੀ, ਜਿਸ ਤੋਂ ਮੈਨੂੰ ਉਹ ਬੜਾ ਸ਼ਰਧਾਵਾਨ ਸੇਵਾਦਾਰ ਲੱਗਾ ਅਤੇ ਉਸਦੀ ਸੇਵਾ ਉੱਤਮ ਜਾਪੀ । ਜਦਕਿ ਅਸੀਂ ਤਾਂ ਕਈ ਵਾਰੀ ਪੁੱਛਦੇ ਹੀ ਰਹਿ ਜਾਂਦੇ ਹਾਂ, ਜੀ, ਕੀ ਸੇਵਾ ਕਰੀਏ ? ਪਰ ਗੁਰਬਾਣੀ ਵਿੱਚ ਜਿਹੜੀ ਸੇਵਾ ਦਾ ਜ਼ਿਕਰ ਆਇਆ ਹੈ, ਉਸ ਵਿੱਚ ਪੱਖਾ ਫੇਰਨ, ਪਾਣੀ ਢੋਣ ਦੀ ਸੇਵਾ ਪ੍ਰਮੁੱਖ ਹੈ । ਗੁਰੂ ਸਾਹਿਬਨਾ ਦੇ ਵੇਲੇ ਇਹਨਾਂ ਕੰਮਾਂ ਦੀ ਬਹੁਤ ਲੋੜ ਸੀ । ਗੁਰੂ ਸਾਹਿਬਾਨ ਦੇ ਵੇਲੇ ਤਾਂ ਭਾਈ ਗੁਰਦਾਸ ਜੀ ਨੇ ਪੋਥੀਆਂ ਲਿਖਣ, ਮਿਰਦੰਗ ਵਜਾਉਣ, ਕੀਰਤਨ ਸਿਖਾਉਣ ਆਦਿ ਨੂੰ ਵੀ ਸੇਵਾ ਵਿੱਚ ਸ਼ਾਮਿਲ ਕੀਤਾ ਹੈ । ਅਸਲ ਵਿੱਚ ਜੇ ਮਨ ਵਿੱਚ ਤਾਂਘ ਹੋਵੇ ਤੇ ਨਾਲ ਹੀ ਨਿਮਰਤਾ ਵੀ ਹੋਵੇ, ਤਾਂ ਕੋਈ ਨਾ ਕੋਈ ਸੇਵਾ ਆਪਣੇ ਆਪ ਹੀ ਮਿਲ ਜਾਂਦੀ ਹੈ । ਪਰ ਅੱਜ ਕੱਲ੍ਹ ਗੁਰਦੁਆਰਾ ਸਾਹਿਬ ਵਿੱਚ ਕਈ ਸੱਜਣ ਸਿਰਫ ਅਹੁਦਾ ਲੈਣ ਲਈ ਹੀ ਸੇਵਾ ਕਰਦੇ ਹਨ । ਇਸੇ ਤਰ੍ਹਾਂ ਕਈ ਕਿਸੇ ਹੋਰ ਲਾਲਚ ਵਿੱਚ ਜਾਂ ਸ਼ੋਭਾ ਪ੍ਰਾਪਤ ਕਰਨ ਲਈ ਸੇਵਾ ਕਰਦੇ ਹਨ । ਕਈ ਸੇਵਾ ਕਰਨ ਦਾ ਉਪਦੇਸ਼ ਤਾਂ ਦਿੰਦੇ ਹਨ, ਪਰ ਆਪ ਸੇਵਾ ਨਹੀਂ ਕਰਦੇ । ਗੁਰਬਾਣੀ ਵਿੱਚ ਵੀ 'ਸੇਵਾ ਅਤੇ ਧੰਦਾ' ਦੋ ਸ਼ਬਦ ਕੰਮ-ਕਾਰਾਂ ਲਈ ਵਰਤੋਂ ਵਿੱਚ ਆਏ ਹਨ ਜਿਵੇਂ ਕਿ : ਜਦੋਂ ਗੁਰਦੁਆਰਾ ਸਾਹਿਬ ਵਿੱਚ ਕੋਈ ਕੰਮ ਕਿਸੇ ਲਾਲਚ ਵਸ ਹੋ ਕੇ ਕੀਤਾ ਜਾਵੇ, ਤਾਂ ਉਹ 'ਧੰਦਾ' ਬਣ ਜਾਂਦਾ ਹੈ । 'ਧੰਦਾ' ਦਾ ਅਰਥ ਇੱਕ ਵਿਦਵਾਨ ਨੇ ਇਹ ਵੀ ਦੱਸਿਆ ਹੈ ਕਿ ਉਹ ਕੰਮ ਜਿਹੜਾ ਕੇਵਲ ਧਨ ਕਮਾਉਣ ਲਈ ਕੀਤਾ ਜਾਵੇ । ਜਿਸ ਦਾ ਭਾਵ : 'ਧਨ-ਦਾ' ।

ਗੁਰਦੁਆਰਾ 'ਬ੍ਰਿਜਵਾਟਰ' ਵਿੱਚ ਵੱਖ-ਵੱਖ ਤਰ੍ਹਾਂ ਨਾਲ ਸੇਵਾ ਕਰਨ ਵਾਲੇ ਸੱਜਣ ਬਹੁਤ ਹਨ । ਕਈ ਚੰਗੇ ਸਿਆਣੇ ਸੱਜਣ ਵੀ ਸੇਵਾ ਰਾਹੀਂ ਪ੍ਰਬੰਧਕੀ ਪ੍ਰਾਪਤ ਕਰਨ ਲਈ ਤਿਕੜਮ ਲੜਾਉਣ ਲੱਗ ਪੈਂਦੇ ਹਨ ਜਿਸ ਕਾਰਣ ਉਹਨਾਂ ਦੀ ਸੇਵਾ ਭ੍ਰਿਸ਼ਟ ਜਾਂਦੀ ਹੈ ।

ਗੁਰਦੁਆਰਾ 'ਬ੍ਰਿਜਵਾਟਰ' ਤੋਂ ਮੈਨੂੰ ਡਾ. ਮਹਿੰਦਰ ਸਿੰਘ, 'ਪੁਆਰ' ਆਪਣੇ ਨਾਲ ਆਪਣੇ ਘਰ ਲੈ ਆਏ । ਉਹ ਆਪਣੇ ਨਾਮ ਨਾਲ 'ਪੁਆਰ' ਸ਼ਬਦ ਲਗਾਉਣ ਪਸੰਦ ਨਹੀਂ ਕਰਦੇ, ਪਰ ਉਥੇ ਕਈ ਹੋਰ ਮਹਿੰਦਰ ਸਿੰਘ ਵੀ ਹਨ । ਇਸ ਲਈ ਅਸੀਂ 'ਪੁਆਰ' ਸ਼ਬਦ ਦੀ ਵਰਤੋਂ ਕਰ ਰਹੇ ਹਾਂ । ਜਦੋਂ ਮੈਂ ਪਹਿਲੀ ਵਾਰੀ ਅਮਰੀਕਾ ਗਿਆ ਸਾਂ, ਤਾਂ ਉਦੋਂ 'ਪੁਆਰ ਸਾਹਿਬ' ਪ੍ਰਧਾਨ ਸਨ । ਇਹਨਾਂ ਦੇ ਘਰ ਇੱਕ ਦੋ ਦਿਨ ਠਹਿਰਨ ਕਰਕੇ, ਮੈਂ ਇਹਨਾਂ ਦੀ ਜੀਵਨ-ਜਾਂਚ ਵਿੱਚੋਂ ਕਾਫੀ ਕੁਝ ਗ੍ਰਹਿਣ ਕੀਤਾ ਸੀ । ਇਹਨਾਂ ਦੀ ਸੁਪਤਨੀ ਸਰਦਾਰਨੀ 'ਸੁਰਿੰਦਰ ਕੌਰ ਪੁਆਰ' ਟਰੇਂਡ ਅਧਿਆਪਕਾ ਹੈ । ਇਹ ਦੋਵੇਂ ਜੀਅ ਗੁਰਦੁਆਰਾ ਸਾਹਿਬ ਵਿੱਚ ਬੱਚਿਆਂ ਨੂੰ ਪੰਜਾਬੀ, ਗੁਰਮਤਿ ਅਤੇ ਕੀਰਤਨ ਆਦਿ ਸਿਖਾਉਣ ਵਿੱਚ ਵਿਸ਼ੇਸ਼ ਰੁਚੀ ਰੱਖਦੇ ਹਨ । ਇਹਨਾਂ ਦੀ ਬੱਚੀ ਜਸਬੀਰ ਕੌਰ ਬਾਰੇ ਅਸੀਂ ਪਹਿਲਾਂ ਹੀ 'ਕਰਉ ਬੇਨੰਤੀਆ' ਵਿੱਚ ਲਿਖ ਚੁੱਕੇ ਹਾਂ ।

'ਪੁਆਰ ਸਾਹਿਬ' ਦੇ ਘਰ ਰਹਿੰਦਿਆਂ ਉਹਨਾਂ ਦੀ ਨਿੱਜੀ ਲਾਇਬਰੇਰੀ ਵਿੱਚ ਇੱਕ ਪੁਸਤਕ ਵੇਖੀ, ਜਿਸ ਦਾ ਨਾਂ ਸੀ 'ਟਾਈਮ ਕੰਟਰੋਲ' । ਉਸ ਪੁਸਤਕ ਨੂੰ ਵਾਚਣ ਤੇ ਮੈਨੂੰ ਆਪਣਾ ਟਾਈਮ ਕੰਟਰੋਲ ਕਰਨ ਦਾ ਵੱਲ ਆਇਆ । ਪੁਆਰ ਸਾਹਿਬ ਦੋ ਕੁ ਸਾਲ ਪਹਿਲਾਂ ਸਾਡੇ ਕੋਲ ਆਏ ਸਨ । ਇਹਨਾਂ ਨੇ 15 ਦਿਨ ਭਾਰਤ ਵਿੱਚ ਰਹਿਣਾ ਸੀ । ਇਹਨਾਂ 15 ਦਿਨਾਂ ਦਾ ਪਲੈਨਰ ਇਹਨਾਂ ਕੋਲ ਸੀ ਤੇ ਅੱਧੇ-ਅੱਧੇ ਘੰਟੇ ਦੇ ਹਿਸਾਬ ਨਾਲ ਹੀ ਆਪਣਾ ਸਮਾਂ ਨੀਯਤ ਕੀਤਾ ਹੋਇਆ ਸੀ । ਇਸ ਲਈ ਇਹ ਘੜੀ-ਮੁੜੀ ਆਪਣੀ ਡਾਇਰੀ ਦੀ ਸਹਾਇਤਾ ਲੈਂਦੇ ਸਨ । ਇਹਨਾਂ ਦੀ ਇਸ ਗੱਲ ਨੇ ਵੀ ਮੈਨੂੰ ਬੜਾ ਪ੍ਰਭਾਵਿਤ ਕੀਤਾ ਸੀ । ਇਹਨਾਂ ਦੇ ਜੀਵਨ ਦੀ ਸਾਦਗੀ, ਇਹਨਾਂ ਦੀ ਗੱਲਬਾਤ ਤੋਂ ਵੀ ਪ੍ਰਗਟ ਹੁੰਦੀ ਹੈ । ਇਹਨਾਂ ਨੇ ਆਪਣੇ ਬੱਚਿਆਂ ਦੀ ਤਾਲੀਮ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ । ਇਹਨਾਂ ਦੇ ਪਿਤਾ ਜੀ ਵੀ ਇਹਨਾਂ ਕੋਲ ਹੀ ਰਹਿੰਦੇ ਹਨ । ਜਿਨ੍ਹਾਂ ਦੀ ਲੱਗ-ਭੱਗ 90 (ਨੱਬੇ) ਸਾਲ ਦੀ ਉਮਰ ਹੈ ਪਰ ਗੁਰੂ ਕਿਰਪਾ ਸਦਕਾ ਸਿਹਤ ਚੰਗੀ ਹੈ ।

ਜਦੋਂ ਵੀ ਇਹਨਾਂ ਨਾਲ ਗੱਲ ਕੀਤੀ, ਤਾਂ ਹਰ ਗੱਲਬਾਤ ਵਿਚੋਂ ਕਿਸੇ ਨਾ ਕਿਸੇ ਤਰ੍ਹਾਂ 'ਸਿੱਖੀ ਦੇ ਇਤਿਹਾਸ' ਜਾਂ 'ਗੁਰਮਤਿ ਵਿਚਾਰ' ਬਾਰੇ ਗੱਲ ਸ਼ੁਰੂ ਹੋ ਜਾਂਦੀ ਸੀ । ਸ਼ਾਮ ਨੂੰ 'ਰਹਿਰਾਸ ਸਾਹਿਬ' ਦਾ ਪਾਠ ਤੇ 'ਕੀਰਤਨ' ਕੀਤਾ । ਪਿਤਾ ਜੀ ਨੇ ਵੀ ਇੱਕ ਖਾਸ ਪ੍ਰੇਮ ਭਰੇ ਅੰਦਾਜ਼ ਵਿੱਚ ਦੋ ਸਾਖੀਆਂ ਸੁਣਾਈਆਂ । ਇੰਝ ਜਾਪਦਾ ਹੈ ਕਿ ਉਹਨਾਂ ਦੀ ਗੁਰਮੁਖਤਾਈ ਸਦਕਾ ਹੀ ਸ਼ਾਇਦ, ਪੁਆਰ ਪਰਿਵਾਰ ਇਸ ਵੇਲੇ 'ਚੜ੍ਹਦੀ ਕਲਾ' ਵਿੱਚ ਹੈ ।

27 ਮਈ, 1997 ਨੂੰ ਚੰਡੀਗੜ੍ਹ ਦੇ ਮੇਰੇ ਸਨੇਹੀ 'ਬ੍ਰਿਗੇਡੀਅਰ' ਜਗਮੋਹਨ ਸਿੰਘ ਦਾ ਬੇਟਾ, ਰਵਿੰਦਰ ਸਿੰਘ ਮੈਨੂੰ ਆਪਣੇ ਘਰ ਲੈ ਗਿਆ । ਰਸਤੇ ਦਾ ਦ੍ਰਿਸ਼ ਬੜਾ ਸੁਹਾਵਣਾ ਸੀ । ਰਾਤੀਂ ਬਾਰਸ਼ ਪੈ ਕੇ ਹਟੀ ਸੀ, ਸਾਰੇ ਰੁੱਖ ਧੋਤੇ ਹੋਏ ਸਨ । ਮਿੱਟੀ ਤਾਂ ਅਮਰੀਕਾ ਵਿੱਚ ਪਹਿਲਾਂ ਹੀ ਨਹੀਂ ਦਿਸਦੀ । ਕਈ ਮਿੱਤਰ ਜਿਹੜੇ

ਅਮਰੀਕਾ ਦੇ ਵਾਤਾਵਰਨ ਦੀ ਭਾਰਤ ਨਾਲ ਤੁਲਨਾ ਕਰਦੇ ਹਨ ਤੇ ਭਾਰਤ ਦੇ 'ਤਿੰਨ ਧੱਧਿਆ' ਦੀ ਗੱਲ ਕਰਦੇ ਹਨ ਜਿਵੇਂ ਕਿ :-

ਧ - ਧੂੜ, ਧ - ਧੋਖਾ, ਧ - ਧਰਮ

ਖੈਰ ਨਾ ਤਾਂ ਸਾਰੀਆ ਚੀਜ਼ਾਂ ਭਾਰਤ ਦੀਆਂ ਹੀ ਚੰਗੀਆਂ ਹਨ ਤੇ ਨਾ ਅਮਰੀਕਾ ਦੀਆਂ । ਅਮਰੀਕਾ ਦੇ ਵਸਨੀਕਾਂ ਕੋਲ ਅਧਿਕਾਰ ਬਹੁਤ ਹਨ ਅਤੇ ਇਹ ਲੋਕ ਵਾਤਾਵਰਨ ਪੱਖੋਂ ਵੀ ਬੜੇ ਜਾਗਰੂਕ ਹਨ । ਦਰੱਖਤ ਕੱਟਣ ਦੀ ਇੱਥੇ ਮਨਾਹੀ ਹੈ । ਜੇ ਕਿਸੇ ਖ਼ਾਸ ਕਾਰਨ ਕਰਕੇ ਦਰੱਖਤ ਕੱਟਣਾ ਵੀ ਪੈ ਜਾਵੇ, ਤਾਂ ਅਦਾਲਤਾਂ ਕੋਲੋਂ ਆਗਿਆ ਲੈਣੀ ਪੈਂਦੀ ਹੈ । ਇੱਕ ਵਾਰ ਇੱਕ ਹਾਈ-ਵੇ ਬਣ ਰਿਹਾ ਸੀ, ਤਾਂ ਰਾਹ ਵਿੱਚ ਇੱਕ ਵੱਡਾ ਦਰੱਖਤ ਆ ਗਿਆ । ਜਿਸ ਕਾਰਨ ਸੜਕ ਬਣਾਉਣ ਵਾਲੀ ਕੰਪਨੀ ਨੇ ਦਰੱਖਤ ਕੱਟਣ ਲਈ ਆਗਿਆ ਮੰਗੀ, ਤਾਂ ਅਧਿਕਾਰੀਆਂ ਨੇ ਦਰੱਖਤ ਨਹੀਂ ਕੱਟਣ ਦਿੱਤਾ । ਬਲਕਿ ਸੜਕ ਨੂੰ ਹੀ ਮੋੜ ਕੇ ਕੱਢਿਆ ਗਿਆ ।

ਇਸੇ ਤਰ੍ਹਾਂ ਇੱਕ ਹਾਈ-ਵੇ ਕਿਸੇ ਕਸਬੇ ਕੋਲੋਂ ਲੰਘਦਾ ਸੀ । ਉਥੋਂ ਦੇ ਨਿਵਾਸੀਆਂ ਨੇ ਸ਼ੋਰ ਦੀ ਸ਼ਿਕਾਇਤ ਕਤਿ । ਸੜਕ ਕੰਪਨੀ ਨੂੰ ਉਸ ਕਸਬੇ ਦੇ ਨੇੜੇ ਦੀ ਸੜਕ ਦੇ ਆਸੇ ਪਾਸੇ ਖਾਸ ਪੱਥਰ ਨਾਲ ਕੰਧ ਉਸਾਰਨੀ ਪਈ । ਉਹ ਪੱਥਰ ਆਵਾਜ਼ ਨੂੰ ਘਟਾ ਦਿੰਦਾ ਹੈ । ਉਥੇ ਸੜਕਾਂ ਬਣਾਉਣ ਦਾ ਕੰਮ ਅਤੇ ਪੁਲ ਉਸਾਰਨ ਦਾ ਕੰਮ ਬੜੀ ਛੇਤੀ ਹੁੰਦਾ ਹੈ ।

ਇੱਕ ਕੰਪਨੀ ਨੇ ਕੁਝ ਪੁਲ ਉਸਾਰਨ ਦਾ ਠੇਕਾ ਲਿਆ । ਸਰਕਾਰ ਨੇ ਛੇ ਮਹੀਨੇ ਦੀ ਮਿਆਦ ਦਿੱਤੀ । ਕੁਝ ਸਮੇਂ ਬਾਅਦ ਸਰਕਾਰ ਨੇ ਕੰਪਨੀ ਨੂੰ ਕਿਹਾ, 'ਕਿ ਜੇ ਉਹ ਤਿੰਨ ਮਹੀਨੇ ਵਿੱਚ ਪੁਲ ਉਸਾਰ ਦੇਵੇ, ਤਾਂ ਸਰਕਾਰ ਉਸ ਕੰਪਨੀ ਨੂੰ ਇੱਕ ਲੱਖ ਡਾਲਰ ਇਨਾਮ ਦੇਵੇਗੀ ।' ਉਸ ਕੰਪਨੀ ਨੇ ਆਪਣਾ ਬਾਕੀ ਮੁਨਾਫ਼ਾ ਦਾਅ ਤੇ ਲਾ ਕੇ ਦਿਨ ਰਾਤ ਇੱਕ ਕਰਕੇ ਤਿੰਨ ਮਹੀਨੇ ਵਿੱਚ ਪੁਲ ਦੀ ਉਸਾਰੀ ਕਰ ਦਿੱਤੀ ਤੇ ਕੰਪਨੀ ਦੀ ਬੜੀ 'ਬੱਲੇ-ਬੱਲੇ' ਹੋਈ ।

'ਰਵਿੰਦਰ ਸਿੰਘ' ਦੇ ਘਰ ਸਾਰੇ ਪਰਿਵਾਰ ਨੇ ਬੜੇ ਪਿਆਰ ਨਾਲ ਭੋਜਨ ਛਕਾਇਆ । ਅਸੀਂ ਦੁਪਹਿਰ ਨੂੰ ਕੀਰਤਨ ਕੀਤਾ । ਬੱਚਿਆਂ ਨੇ ਬੜੇ ਪਿਆਰ ਨਾਲ ਕੀਰਤਨ ਸੁਣਿਆ । ਇਹਨਾਂ ਦੇ ਘਰੋਂ ਇਸੇ ਦਿਨ ਮੇਰੇ ਮਿੱਤਰ 'ਡਾ: ਪ੍ਰੇਮ ਸਿੰਘ, ਮਾਨ' ਆਪਣੇ ਨਾਲ ਮੈਨੂੰ ਕਨੈਟੀਕਟ ਲਈ ਲੈ ਤੁਰੇ ।

ਡਾ: ਪ੍ਰੇਮ ਸਿੰਘ, ਮਾਨ '1974-75' ਵਿੱਚ ਮੇਰੇ ਨਾਲ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਵਿੱਚ ਪੜ੍ਹਾਉਂਦੇ ਸਨ । ਉਦੋਂ ਇਹਨਾਂ ਨੂੰ ਪੰਜਾਬੀ ਵਿੱਚ ਸਾਹਿਤਕਾਰੀ ਦਾ ਸ਼ੌਕ ਸੀ । ਇਹਨਾਂ ਦੀਆਂ ਦੋ ਪੁਸਤਕਾਂ ਛੱਪੀਆਂ ਸਨ :- 'ਪਲਕਾਂ ਡੱਕੇ ਹੰਝੂ' ਅਤੇ 'ਚੁਬਾਰੇ ਦੀ ਇੱਟ' । ਉਦੋਂ ਇਹਨਾਂ ਦੇ 'ਆਨੰਦ-ਕਾਰਜ' ਤੇ ਮੈਂ ਕੀਰਤਨ ਕੀਤਾ ਸੀ ਤੇ ਅਦਾਲਤੋਂ ਮੈਰਿਜ ਸਰਟੀਫਿਕੇਟ ਲੈਣ ਲਈ ਵੀ ਨਾਲ ਗਿਆ ਸਾਂ । ਇਹ ਪਹਿਲਾਂ ਇੰਗਲੈਂਡ ਆਏ ਤੇ ਫਿਰ ਅਮਰੀਕਾ । ਅਮਰੀਕਾ ਆ ਕੇ ਪੰਜਾਬ ਦੀ ਖੇਤੀਬਾੜੀ ਦੇ ਅਰਥ ਵਿਗਿਆਨ ਸੰਬੰਧੀ ਖੋਜ ਕੀਤੀ । ਫਿਰ ਇਹ ਅੰਕੜਾ ਵਿਗਿਆਨ ਵੱਲ ਝੁਕ ਗਏ ਤੇ ਇਸ ਵੇਲੇ 'ਈਸਟਰਨ ਕਨੈਟੀਕਟ' ਯੂਨੀਵਰਸਿਟੀ ਵਿੱਚ ਅਰਥ-ਵਿਗਿਆਨ ਵਿਭਾਗ ਦੇ ਮੁੱਖੀ ਹਨ । ਇਹਨਾਂ ਦੇ ਤਿੰਨ ਬੱਚੇ ਹਨ । ਦੋ ਲੜਕੇ ਤੇ ਇੱਕ ਲੜਕੀ । ਇੱਕ ਲੜਕਾ ਤੇ ਲੜਕੀ 'ਨਿਊਯਾਰਕ ਯੂਨੀਵਰਸਿਟੀ' ਵਿੱਚ ਪੜ੍ਹਾਈ ਕਰ ਰਹੇ ਹਨ ਤੇ ਇੱਕ ਲੜਕਾ ਅਜੇ ਸਕੂਲ ਦੇ ਫਾਈਨਲ-ਈਅਰ ਵਿੱਚ ਹੈ । ਇਹਨਾਂ ਦੀ ਸੁਪਤਨੀ ਬੜੇ ਧਾਰਮਿਕ ਖ਼ਿਆਲਾਂ ਦੀ ਸੁਘੜ-ਸੁਆਣੀ ਹੈ । ਬੜੇ ਪਿਆਰ ਤੇ ਸ਼ਰਧਾ ਨਾਲ ਮੇਰੀ ਸੇਵਾ ਕੀਤੀ ।

'ਡਾ: ਪ੍ਰੇਮ ਸਿੰਘ, ਮਾਨ' ਮੈਨੂੰ ਯੂਨੀਵਰਸਿਟੀ ਵਿੱਚ ਲੈ ਗਏ । ਉਹਨਾਂ ਦਿਨਾਂ ਵਿੱਚ ਛੁੱਟੀਆਂ ਸਨ । ਇਹਨਾਂ ਕੋਲ ਛੋਟਾ ਜਿਹਾ ਕਮਰਾ ਸੀ । ਸਾਰਾ ਕਮਰਾ ਕਿਤਾਬਾਂ ਤੇ ਕੰਪਿਊਟਰ ਨਾਲ ਭਰਿਆ ਹੋਇਆ ਸੀ । ਇਹਨਾਂ ਦਸਿਆ, ਕਿ ਇਹਨਾਂ ਦੀ ਇੱਕ ਪੁਸਤਕ ਛਪ ਰਹੀ ਹੈ । ਇਹਨਾਂ ਪੁਸਤਕਾਂ ਨੂੰ ਛਾਪਣ ਦਾ ਖ਼ਰਚ ਪਬਲਿਸ਼ਰ ਦਿੰਦਾ ਹੈ, ਉਹ ਪਰੂਫ ਪੜ੍ਹਨ ਲਈ ਇੱਕ ਸਹਾਇਕ ਦਾ ਖ਼ਰਚਾ ਵੀ ਦਿੰਦਾ ਹੈ ।

ਇਥੇ ਵਿਦਿਆਰਥੀਆਂ ਨੂੰ ਆਪਣਾ ਖ਼ਰਚ ਆਪ ਹੀ ਕਮਾਉਣਾ ਪੈਂਦਾ ਹੈ । ਇਥੇ ਯੂਨਵਿਰਸਿਟੀ ਵਿੱਚ ਕੇਵਲ ਪੜ੍ਹਨ ਵਾਲੇ ਹੀ ਦਾਖਲ ਹੁੰਦੇ ਹਨ । ਸਾਡੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਾਂਗ ਸ਼ੁਗਲ ਕਰਨ ਲਈ, ਕੋਈ ਵੀ ਦਾਖਲ ਨਹੀਂ ਹੁੰਦਾ । ਸਾਡੇ ਉਥੇ ਬੈਠਿਆਂ ਹੀ ਇੱਕ ਸੁਬਕ ਜਿਹੀ ਕੁੜੀ ਆਈ, ਉਹ ਯੂਨੀਵਰਸਿਟੀ ਦੀ ਵਿਦਿਆਰਥਣ ਸੀ । ਯੂਨੀਵਰਸਿਟੀ ਉਸ ਨੂੰ ਵਜ਼ੀਫਾ ਦਿੰਦੀ ਸੀ ਤੇ ਉਹ ਉੱਤਰ-ਕਾਪੀਆਂ ਵੇਖਣ ਤੇ ਰਿਜ਼ਲਟ ਤਿਆਰ ਕਰਨ ਵਿੱਚ ਮਾਨ ਸਾਹਿਬ ਦੀ ਸਹਾਇਤਾ ਕਰ ਰਹੀ ਸ਼ੀ । ਮਾਨ ਸਾਹਿਬ ਦੇ ਲੇਖ ਅਨੇਕਾਂ ਉੱਚ-ਪੱਧਰ ਦੇ ਅਮਰੀਕਨ ਖੋਜ-ਪਤਰਾਂ ਵਿੱਚ ਛਪਦੇ ਰਹਿੰਦੇ ਹਨ । ਇਥੇ ਵੀ ਸਾਰੇ ਅਧਿਆਪਕ ਵਧੀਆ ਨਹੀਂ ਹੁੰਦੇ । ਕੁਝ ਐਸੇ ਵੀ ਹਨ, ਜਿਹੜੇ ਪੜ੍ਹਨ-ਪੜ੍ਹਾਉਣ ਵਿੱਚ ਮਿਹਨਤ ਨਹੀਂ ਕਰਦੇ, ਖੋਜ ਨਹੀਂ ਕਰਦੇ ਤੇ ਉਹ ਕੋਈ ਤਰੱਕੀ ਵੀ ਨਹੀਂ ਕਰ ਸਕਦੇ । ਕੁਝ ਮਾਨ ਸਾਹਿਬ ਵਾਂਗ 4-5 ਸਾਲਾਂ ਵਿੱਚ ਵਿਭਾਗ ਦੇ ਮੁੱਖੀ, ਪ੍ਰੋਫੈਸਰ ਬਣ ਜਾਂਦੇ ਹਨ ।

ਫਿਰ ਮਾਨ ਸਾਹਿਬ ਮੈਨੂੰ ਇੱਕ ਪਸ਼ੂ ਫਾਰਮ ਵਿਖਾਉਣ ਵੀ ਲੈ ਗਏ । ਵੱਡੇ-ਵੱਡੇ ਖੇਤਾਂ ਨਾਲ ਲੱਗਦੇ ਗਊਆਂ, ਭੇਡਾਂ ਤੇ ਸੂਰਾਂ ਦੇ ਫ਼ਾਰਮ ਸਨ । ਇੱਕ ਖੇਤ ਵਿੱਚ ਘਾਹ ਕੱਟਣ ਦਾ ਅਜੀਬ ਨਜ਼ਾਰਾ ਵੇਖਿਆ । ਇੱਕ ਟਰੈਕਟਰ ਕਮਾਲ ਕਰ ਰਿਹਾ ਸੀ । ਉਹ ਘਾਹ ਕੱਟ ਵੀ ਰਿਹਾ ਸੀ ਤੇ ਹਵਾ ਦੇ ਪਰੈਸ਼ਰ ਨਾਲ ਪਿੱਛੇ ਆ ਰਹੀ ਟਰਾਲੀ ਵਿੱਚ ਘਾਹ ਇਕੱਠਾ ਵੀ ਕਰੀ ਜਾ ਰਿਹਾ ਸੀ ।

ਮਾਨ ਸਾਹਿਬ ਦੀਂ ਪਤਨੀ ਨੇ ਬਾਹਰ ਸਕੂਲਾਂ ਵਿੱਚ ਪੜ੍ਹਾਉਣਾ ਛੱਡ ਦਿੱਤਾ ਹੈ, ਤੇ ਮਨ ਲਗਾਉਣ ਲਈ ਤਿੰਨ ਛੋਟੇ-ਛੋਟੇ ਬੱਚਿਆਂ ਨੂੰ ਘਰ ਬੁਲਾਉਂਦੇ ਹਨ । ਇੱਕ ਛੋਟਾ ਜਿਹਾ ਕਰੈਚ ਹੈ । ਅਮਰੀਕਾ ਵਿੱਚ ਇਹਨੂੰ 'ਬੇਬੀ ਸਿਟਰ' ਵੀ ਕਿਹਾ ਜਾਂਦਾ ਹੈ । ਪਰ ਇਹ ਨਾ ਸਮਝਣਾ, ਕਿ ਇਹ ਕੰਮ ਸਾਡੇ ਭਾਰਤ ਵਾਂਗੂੰ ਹਰ ਕੋਈ ਕਰ ਸਕਦਾ ਹੈ । ਇਸ ਕੰਮ ਲਈ ਬਕਾਇਦਾ ਲਾਇਸੈਂਸ ਲੈਣਾ ਪੈਂਦਾ ਹੈ । ਲਾਇਸੈਂਸ ਦੇਣ ਵੇਲੇ ਸਰਕਾਰ ਘਰ ਦੀ ਹਾਲਤ ਦਾ ਮੁਆਇਨਾ ਕਰਦੀ ਹੈ । ਘਰ ਦੇ ਸਾਰੇ ਜੀਆਂ ਦਾ ਵੀ ਡਾਕਟਰੀ ਮੁਆਇਨਾ ਹੁੰਦਾ ਹੈ । ਇਸ ਦੇ ਬਾਵਜੂਦ ਜੇ ਕਿਤੇ ਕੋਈ ਸ਼ਿਕਾਇਤ ਹੋ ਜਾਵੇ ਤਾਂ 'ਲੈਣੇ ਦੇ ਦੇਣੇ' ਪੈ ਜਾਂਦੇ ਹਨ ।

ਜਿਸ ਪ੍ਰਕਾਰ ਮਾਨ ਸਾਹਿਬ ਦਾ ਆਪਣਾ ਸੁਭਾਅ ਬੜਾ ਚੰਗਾ ਹੈ, ਉਸੀ ਤਰ੍ਹਾਂ ਉਹਨਾਂ ਦਾ ਘਰ ਵੀ ਬੜਾ ਰਮਣੀਕ ਥਾਂ ਤੇ ਹੈ । ਆਸੇ-ਪਾਸੇ ਜੰਗਲ ਹੀ ਜੰਗਲ, ਕਾਫ਼ੀ ਦੂਰ-ਦੂਰ ਘਰ ਬਣੇ ਹੋਏ ਹਨ । ਇਹਨਾਂ ਦੀ ਯੂਨੀਵਰਸਿਟੀ ਵੀ ਨੇੜੇ ਹੀ ਹੈ । ਥੋੜ੍ਹਾ ਪਹਾੜੀ ਖੇਤਰ ਹੋਣ ਕਾਰਨ ਸਥਾਨ ਬੜਾ ਰਮਣੀਕ ਲੱਗਦਾ ਹੈ । ਮਾਨ ਸਾਹਿਬ ਦੇ ਘਰ ਰਹਿੰਦਿਆਂ ਹੀ ਮੈਨੂੰ ਆਪਣੇ ਦੋ ਮਿੱਤਰ ਵੀ ਲੱਭ ਪਏ, ਜਿਨ੍ਹਾਂ ਵਿਚੋਂ ਇੱਕ ਸ੍ਰ. 'ਮਨਮੋਹਨ ਸਿੰਘ ਭਰਾੜਾ ਅਤੇ ਦੂਜੇ 'ਸ੍ਰ. ਅਮਰਜੀਤ ਸਿੰਘ ਬੁਟਰ ।' ਇਹਨਾਂ ਬਾਰੇ ਹੁਣ ਅਗਲੀ ਵਾਰੀ ਲਿਖਾਂਗੇ ।

# ਗੁਰਮਤਿ ਸੰਗੀਤ (ਕੀਰਤਨ ਮਰਿਯਾਦਾ)

ਪ੍ਰਿੰਸੀਪਲ ਦਿਆਲ ਸਿੰਘ

ਗੁਰਮਤਿ ਸੰਗੀਤ ਦਾ ਭਾਵ ਹੈ- ਗੁਰੂ ਦੇ ਬਤਾਏ ਨਿਯਮ ਅਨੁਸਾਰ ਗੁਰਬਾਣੀ ਗਾਇਨ ਕਰਨਾ, ਜਾਂ ਇਵੇਂ ਕਹਿ ਲਵੋ ਕਿ ਉਸ ਪਰੀਪੂਰਨ ਪਰਮਾਤਮਾ ਦੇ ਗੁਣ ਗਾਇਨ ਕਰਦੇ ਹੋਏ ਬ੍ਰਹਮ ਰੂਪੀ ਨਾਦ ਵਿੱਚ ਲਿਵ-ਲੀਨ ਹੋ, ਅਨੰਦ ਦੀ ਪ੍ਰਾਪਤੀ ਕਰਨਾ ਹੀ ਗੁਰਮਤਿ ਸੰਗੀਤ ਹੈ ।

ਗੁਰਮਤਿ ਸੰਗੀਤ (ਕੀਰਤਨ) ਦਾ ਅਰੰਭ ਕਾਲ ਅਸਾਂ ਨੂੰ ਉਦੋਂ ਤੋਂ ਮੰਨਣਾ ਪਵੇਗਾ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ ਜੀ ਨੂੰ ਸਾਥ ਲੈ ਕੇ ਜਗਤ ਜਲੰਦੇ ਨੂੰ ਤਾਰਨ ਲਈ ਪੰਜਾਬ ਤੋਂ ਪੂਰਬ ਵੱਲ ਗਏ । ਸ੍ਰਿਸ਼ਟੀ ਦੇ ਨਜ਼ਾਰੇ ਨੂੰ ਵੇਖ ਭਾਈ ਮਰਦਾਨਾ ਰਬਾਬ ਵਜਾਉਂਦਾ ਅਤੇ ਗੁਰੂ ਸਾਹਿਬ ਇਲਾਹੀ ਬਾਣੀ ਦਾ ਗਾਇਨ ਕਰਦੇ ।

ਜਗਤ ਫੇਰੀ ਤੋਂ ਬਾਦ ਜਦੋਂ ਆਪ ਜੀ ਪ੍ਰਵਾਰ ਸਹਿਤ ਕਰਤਾਰਪੁਰ ਆ ਵਸੇ ਤਾਂ ਸਵੇਰੇ-ਸ਼ਾਮ ਕੀਰਤਨ ਕਰਨ ਦੀ ਮਰਯਾਦਾ ਚਾਲੂ ਕੀਤੀ ਗਈ । ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਦ ਇਹੋ ਮਰਯਾਦਾ ਖਡੂਰ ਸਾਹਿਬ ਤੇ ਗੋਇੰਦਵਾਲ ਜਾਰੀ ਰਹੀ ।

ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ ਊਚ-ਨੀਚ, ਜ਼ਾਤ-ਪਾਤ ਤੇ ਸਤੀ ਪ੍ਰਥਾ ਵਰਗੀਆਂ ਕੁਰੀਤੀਆਂ ਨੂੰ ਹਟਾਇਆ, ਉਥੇ ਆਪ ਜੀ ਨੇ ਗੁਰਮਤਿ ਪ੍ਰਚਾਰ ਲਈ ਵੱਖੋ-ਵੱਖ ਸੂਬਿਆਂ ਵਿਚ ਪ੍ਰਚਾਰਕ ਨੀਅਤ ਕੀਤੇ ਅਤੇ ਸੰਗੀਤ ਵਿੱਦਿਆ ਦੇ ਖੇਤਰ ਨੂੰ ਵੀ ਵਧਾਇਆ । ਭਾਵ, ਆਪ ਜੀ ਨੇ ਭਾਈ ਮਰਦਾਨੇ ਦੀ ਸੰਤਾਨ ਤੋਂ ਇਲਾਵਾ ਰਾਇ ਕੀ ਤਲਵੰਡੀ (ਘਰਾਣੇ) ਦੇ ਪ੍ਰਸਿੱਧ ਧਰੁਪਦੀਏ ਸਤਾ-ਬਲਵੰਡ (ਰਬਾਬੀ) ਨੂੰ ਆਪਣੇ ਪਾਸ ਕੀਰਤਨ ਕਰਨ ਲਈ ਨੀਅਤ ਕੀਤਾ । ਭਾਈ ਬਲਵੰਡ ਜਿੱਥੇ ਇੱਕ ਚੰਗਾ ਕਵੀ ਸੀ, ਉਥੇ ਉਹ ਉਚ-ਕੋਟੀ ਦਾ ਗਾਇਕ-ਵਾਦਕ ਵੀ ਸੀ । ਇਸ ਨੂੰ ਰਾਇ (ਰਾਇ ਸਾਹਿਬ) ਦੀ ਉਪਾਧੀ ਗੁਰੂ ਘਰ ਤੋਂ ਹੀ ਪ੍ਰਾਪਤ ਹੋਈ ਸੀ । ਸੋ, ਐਸੇ ਮਹਾਨ ਵਿਦਵਾਨ ਗਾਇਕ-ਵਾਦਕਾਂ ਦੇ ਮੇਲ-ਮਿਲਾਪ ਤੋਂ ਗੁਰੂ ਰਾਮਦਾਸ ਜੀ ਨੇ ਹੋਰ ਨਵੇਂ ੧੧ ਰਾਗਾਂ ਵਿਚ ਬਾਣੀ ਉਚਾਰਣ ਕੀਤੀ । ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਵਰਤੇ ੧੯ ਰਾਗਾਂ ਤੋਂ ਇਲਾਵਾ ਉਪਰੋਕਤ ਰਾਗਾਂ ਵਿੱਚ ਬਾਣੀ ਨੂੰ ਗਾਇਨ ਕੀਤਾ । ਭਾਵ, ਗੁਰੂ ਨਾਨਕ ਦੇਵ ਜੀ ਨੇ ੧੯, ਗੁਰੂ ਅਮਰਦਾਸ ਜੀ ਨੇ ੧੭, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ੩੦ ਰਾਗਾਂ ਵਿੱਚ ਬਾਣੀ ਉਚਾਰਣ ਕੀਤੀ । ਉਪਰੋਕਤ ਰਾਗਾਂ ਵਿੱਚ ਉਚਾਰਣ ਕੀਤੀ ਬਾਣੀ ਦਾ ਰਾਗੀ, ਰਬਾਬੀ ਨਿੱਤ ਗਾਇਨ (ਕੀਰਤਨ) ਕਰਦੇ ਸਨ ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸਾਰੰਗੀ' ਸਾਜ਼ ਵਿਚ ਪਰਿਵਰਤਨ ਕਰਕੇ 'ਸਰੰਦਾ' ਸਾਜ਼ ਈਜਾਦ ਕੀਤਾ । ਕਿਉਂਕਿ ਸਾਰੰਗੀ ਇੱਕ ਐਸਾ ਤੰਤੀ ਸਾਜ਼ ਹੈ ਜਿਸ ਦੀ ਅਵਾਜ਼ ਗਾਇਕ ਤੇ ਭੀ ਹਾਵੀ ਹੋ ਜਾਂਦੀ ਹੈ । ਭਾਵ, ਸਾਰੰਗੀ ਦੀ ਆਵਾਜ਼ ਵਿਚ ਇਤਨੀ ਕਸ਼ਿਸ਼ ਹੁੰਦੀ ਹੈ ਕਿ ਸ੍ਰੋਤਾ ਕਈ ਵੇਰ ਗਾਇਕ ਦੀ ਮਧੁਰ ਬਾਣੀ ਨੂੰ ਭੀ ਭੁੱਲ ਜਾਂਦਾ ਹੈ । ਗੁਰੂ ਸਾਹਿਬ ਇਸ ਬਾਰੀਕ ਤਕਨੀਕੀ ਨੂੰ ਜਾਣਦੇ ਸਨ । ਸੋ ਆਪ ਜੀ ਨੇ ਹਮੇਸ਼ਾਂ ਲਈ ਸਾਰੰਗੀ ਸਾਜ਼ ਨੂੰ ਤਲਾਂਜਲੀ ਦੇ ਦਿੱਤੀ । ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ "ਅਜੇ ਤੱਕ ਸ੍ਰੀ ਹਰਿਮੰਦਰ (ਦਰਬਾਰ ਸਾਹਿਬ) ਵਿੱਚ ਸਾਰੰਗੀ ਵਜਾ ਕੇ ਕੀਰਤਨ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ ।" ਇੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਬਾਬ ਦੇ ਨਾਲ ਸਰੰਦਾ ਅਤੇ ਮ੍ਰਿਦੰਗ ਵਜਾ ਕੇ ਕੀਰਤਨ ਦੀ ਪਰਿਪਾਟੀ ਕਾਇਮ ਕੀਤੀ । ਇਸ ਤੋਂ ਇਲਾਵਾ ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਸਿਖਣ-ਸਿਖਾਉਣ ਦੀ ਇਕ 'ਟਕਸਾਲ' ਪ੍ਰਚਲਿਤ ਕੀਤੀ, ਜਿਥੇ ਵਿਦਿਆਰਥੀ ਨਿੱਤ ਕੀਰਤਨ ਦੀ ਸਿੱਖਿਆ ਪ੍ਰਾਪਤ ਕਰਨ ਦਾ ਅਭਿਆਸ ਕਰਦੇ ਸਨ ।

ਸੋਲ੍ਹਵੀਂ ਸਦੀ ਤੋਂ ਬਾਦ ਉੱਤਰ ਭਾਰਤੀ ਸੰਗੀਤ ਪੱਧਤੀ ਵਿੱਚ ਕੁਝ ਪਰਿਵਰਤਨ ਹੋਏ । ਜਿਵੇਂ :- ਪੁਰਾਤਨ ਰਾਗ-ਵਰਗ (ਰਾਗ-

** ਲੇਖਕ ਗੁਰਮਤਿ ਵਿਦਿਆਲਾ, ਗੁਰਦੁਆਰਾ ਰਕਾਬਗੰਜ, ਨਵੀਂ ਦਿਲੀ ਵਿੱਚ ਬਤੌਰ ਪ੍ਰਿੰਸੀਪਲ ਦੇ ਸੇਵਾ ਕਰ ਰਹੇ ਹਨ । ਆਪ ਨੇ ਗੁਰਮਤਿ ਸੰਗੀਤ ਉਪਰ ਅਨੇਕਾਂ ਵਧੀਆ ਪੁਸਤਕਾਂ ਲਿਖੀਆਂ ਹਨ । ਦੇਸ਼ ਅਤੇ ਵਿਦੇਸ਼ ਵਿੱਚ ਆਪ ਦੇ ਸਿਖਾਏ ਹੋਏ ਕਈ ਵਿਦਿਆਰਥੀ ਚੰਗੇ ਕੀਰਤਨੀਏ ਬਣ ਗਏ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਸ੍ਰ. ਗਿਆਨ ਸਿੰਘ ਐਬਟਾਬਾਦ ਦੀਆਂ ਪੁਸਤਕਾਂ ਦੇ ਖਰੜੇ ਅਤੇ ਸੁਰ-ਲਿਪੀਆਂ ਤਿਆਰ ਕਰਨ ਵਿੱਚ ਵੀ ਆਪਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ।*

ਰਾਗਣੀ) ਦੀ ਥਾਂ ਠਾਟ ਪੱਧਤੀ ਕਾਇਮ ਕੀਤੀ ਗਈ ਅਤੇ ਧਰੁਪਦ-ਧਮਾਰ ਦੀ ਗਾਇਨ ਸ਼ੈਲੀ ਦੇ ਨਾਲ ਖਯਾਲ, ਟੱਪਾ, ਠੁਮਰੀ ਤੇ ਗਜ਼ਲ ਆਦਿ ਗਾਇਕੀ ਵੀ ਪ੍ਰਚਲਿਤ ਹੋ ਗਈ । ਇਸੇ ਤਰ੍ਹਾਂ ਮ੍ਰਿਦੰਗ ਤੋਂ ਤਬਲਾ (ਜੋੜੀ) ਵੀਣਾ ਤੋਂ ਸਿਤਾਰ, ਰਬਾਬ ਤੋਂ ਸਰੋਦ, ਸਾਰੰਗੀ ਤੋਂ ਸਰੰਦਾ, ਤਾਊਸ ਤੋਂ ਦਿਲਰੁਬਾ-ਇਸਰਾਜ ਇਤਿਆਦਿ ਸਾਜ਼ ਬਣਾਏ ਗਏ । ਇਸ ਦਾ ਪ੍ਰਭਾਵ ਗੁਰਮਤਿ ਸੰਗੀਤ ਦੀ ਗਾਇਕੀ ਤੇ ਭੀ ਪਇਆ । ਭਾਵ, ਗੁਰੂ ਘਰ (ਗੁਰਦੁਆਰਿਆਂ) ਵਿੱਚ ਜਿੱਥੇ ਪਹਿਲਾਂ ਰਬਾਬ, ਸਰੰਦਾ, ਤਾਨਪੂਰਾ ਨਾਲ ਕੀਰਤਨ ਹੁੰਦਾ ਸੀ, ਉਥੇ ਇਨ੍ਹਾਂ ਤੰਤੀ ਸਾਜ਼ਾਂ ਦੇ ਨਾਲ ਤਾਊਸ, ਸਿਤਾਰ ਆਦਿ ਸਾਜ਼ ਭੀ ਕੀਰਤਨ ਵਿਚ ਸ਼ਾਮਲ ਹੋ ਗਏ ਅਤੇ ਮ੍ਰਿਦੰਗ ਦੀ ਥਾਂ ਸਹਿਜੇ-ਸਹਿਜੇ ਤਬਲਾ (ਜੋੜੀ) ਵਜਣਾ ਭੀ ਸ਼ੁਰੂ ਹੋ ਗਿਆ । ਪਰ ਕੀਰਤਨ ਸ਼ੈਲੀ ਵਿੱਚ ਕੋਈ ਖਾਸ ਪਰਿਵਰਤਨ ਅਜੇ ਨਹੀਂ ਸੀ ਹੋਇਆ । ਕਿਉਂਕਿ ਸ੍ਰੀ ਅੰਮ੍ਰਿਤਸਰ, ਤਰਨਤਾਰਨ, ਗੋਇੰਦਵਾਲ, ਕਪੂਰਥਲਾ, ਪਟਿਆਲਾ ਆਦਿ ਥਾਂਵਾਂ ਤੇ ਐਸੇ ਡੇਰੇ (ਆਸ਼ਰਮ) ਅਜੇ ਕਾਯਮ ਸਨ, ਜਿਥੇ ਵਿਦਿਆਰਥੀ ਅੱਠ-ਅੱਠ, ਦੱਸ-ਦੱਸ ਸਾਲ ਰਹਿ ਕੇ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕਰ, ਕੀਰਤਨ ਮਰਯਾਦਾ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾ ਰਹੇ ਸਨ ।

ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਜਦੋਂ ਤੱਕ ਸੰਤਾਂ-ਮਹੰਤਾਂ ਦੇ ਹੱਥ ਵਿਚ ਰਿਹਾ, ਉਦੋਂ ਤੱਕ ਗੁਰੂ ਅਸਥਾਨਾਂ ਅੰਦਰ ਚੰਗੇ ਵਿਦਵਾਨ ਰਾਗੀ-ਰਬਾਬੀ ਕੀਰਤਨ ਦੀ ਸੇਵਾ ਨੂੰ ਨਿਭਾਉਂਦੇ ਰਹੇ । ਕਿਉਂਕਿ ਉਹ ਲੋਗ ਖੁਦ ਕਥਾ-ਕੀਰਤਨ ਦੇ ਜਾਣੂ ਹੁੰਦੇ ਸਨ ਅਤੇ ਕਲਾਕਾਰਾਂ ਦੀ ਕਦਰ ਕਰਦੇ ਸਨ । ਭਾਵੇਂ ਉਨ੍ਹਾਂ ਵਿੱਚ ਕਈ ਤਰੁੱਟੀਆਂ ਤੇ ਅਉਗਣ ਸਨ, ਪਰ ਇਹ ਗੁਣ ਉਨ੍ਹਾਂ ਵਿੱਚ ਵਿਸ਼ੇਸ਼ ਸੀ ਕਿ ਉਹ ਹਮੇਸ਼ਾਂ ਗੁਰੂ ਕੇ ਕੀਰਤਨੀਆਂ ਦਾ ਪੂਰਾ ਸਤਿਕਾਰ ਕਰਦੇ ਸਨ । ਸਮੇਂ ਦੇ ਫੇਰ ਨਾਲ ਜਦੋਂ ਸੰਨ 1925 ਵਿਚ "ਗੁਰਦੁਆਰਾ ਐਕਟ" ਬਣਿਆ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਪੰਥ ਦੇ ਆਗੂਆਂ ਹੱਥ ਆਇਆ ਤਾਂ ਉਨ੍ਹਾਂ ਵਿਚ ਸਹਿਜੇ-ਸਹਿਜੇ ਐਸੇ ਬੰਦੇ ਸ਼ਾਮਲ ਹੋ ਗਏ, ਜਿਨ੍ਹਾਂ ਦਾ ਨਿਸ਼ਾਨਾ ਕੇਵਲ ਚੌਦਰਾਹਟ ਜਾਂ ਅਸੈਂਬਲੀਆਂ (ਰਾਜ ਦਰਬਾਰ) ਤਕ ਪਹੁੰਚਣ ਦਾ ਹੁੰਦਾ ਸੀ । ਬਾਕੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਚਲਾਉਣ ਵਾਸਤੇ ਜਿਹੜੇ ਮੈਨੇਜਰ, ਸਕੱਤਰ ਇਤਿਆਦਿ ਬੰਦੇ ਰੱਖੇ ਗਏ, ਉਹ ਰਾਗੀ, ਗ੍ਰੰਥੀ ਤੇ ਪ੍ਰਚਾਰਕਾਂ ਨੂੰ ਆਪਣੇ ਕਰਮਚਾਰੀ ਸਮਝ ਕੇ ਉਨ੍ਹਾਂ ਨਾਲ ਬੜਾ ਕੌੜਾ ਵਿਵਹਾਰ ਕਰਨ ਲੱਗ ਪਏ, ਜਿਸ ਨੂੰ ਵੇਖ ਸੁਣ ਕੇ ਕਈ ਰਾਗੀ ਸਿੰਘ ਤਾਂ ਸੁਤੰਤਰ ਹੋ ਕੇ ਸੰਗਤਾਂ ਵਿਚ ਕੀਰਤਨ ਕਰਨ ਲੱਗ ਪਏ ਅਤੇ ਬਾਕੀਆਂ ਨੇ ਔਖੇ-ਸੌਖੇ ਆਪਣਾ ਵਕਤ ਕੱਟ ਲਇਆ । ਪਰ ਅਗੋਂ ਹਾਲਾਤ ਨੂੰ ਵੇਖ ਕੇ ਉਨ੍ਹਾਂ ਆਪਣੇ ਬੱਚਿਆਂ ਨੂੰ ਕੀਰਤਨ ਦੀ ਸਿਖਿਆ ਨਹੀਂ ਦਿੱਤੀ । ਭਾਈ ਸੁੰਦਰ ਸਿੰਘ ਜੀ (ਚਾਵਲ ਮੰਡੀ, ਅੰਮ੍ਰਿਤਸਰ) ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਇਤਿਆਦਿ ਪ੍ਰਸਿੱਧ ਕੀਰਤਨੀਏ ਉਨ੍ਹਾਂ ਵਿਚੋਂ ਹੀ ਸਨ ।

ਸੰਗੀਤ ਇੱਕ ਐਸੀ ਕਲਾ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਸਾਲਾਂ ਬੱਧੀ ਅਭਿਆਸ ਕਰਨ ਦੀ ਲੋੜ ਪੈਂਦੀ ਹੈ । ਇਸ ਤੋਂ ਇਲਾਵਾਂ ਇਸ ਹੁਨਰ ਨੂੰ ਸਿੱਖਣ ਵਾਲੇ ਵਿਦਿਆਰਥੀ ਵਿੱਚ ਧੀਰਜ, ਲਗਨ, ਸਬਰ-ਸੰਤੋਖ, ਸੇਵਾ ਭਾਵ ਅਤੇ ਗੁਰੂ ਭਗਤੀ ਆਦਿ ਗੁਣ ਹੋਣੇ ਚਾਹੀਦੇ ਹਨ । ਪਹਿਲੇ ਸਮਿਆਂ ਵਿਚ ਗੁਰਮਤਿ ਸੰਗੀਤ (ਕੀਰਤਨ) ਦੀ ਸਿੱਖਿਆ ਲੈਣ ਵੇਲੇ ਵਿਦਿਆਰਥੀ ਨੂੰ ਸੱਤ-ਅੱਠ ਸਾਲ ਬੜੀ ਸਖਤ ਮਿਹਨਤ ਕਰਨੀ ਪੈਂਦੀ, ਤਾਂ ਜਾ ਕੇ ਕਿਤੇ ਰਾਗ-ਤਾਲ ਦੀ ਸਮਝ ਆਉਂਦੀ । ਹੁਣ ਤਾਂ ਗੁਰੂ ਦੀ ਐਸੀ ਮਿਹਰ ਹੋ ਗਈ ਕਿ ਕਿਸੇ ਉਸਤਾਦ ਤੋਂ ਨਾ ਰਾਗ ਸਿੱਖਣ ਦੀ ਲੋੜ ਹੈ ਨਾ ਤਾਲ । ਕੇਵਲ ਹਾਰਮੋਨੀਅਮ ਖਰੀਦੋ ਅਤੇ ਪੁੱਠੀਆਂ ਸਿੱਧੀਆਂ ਉਂਗਲਾਂ ਫੇਰਦੇ ਹੋਏ ਬਾਣੀ ਪੜ੍ਹੋ, ਜੇ ਬਾਣੀ ਕੰਠ ਨਹੀਂ ਤਾਂ ਫਿਰ 'ਅੰਮ੍ਰਿਤ ਕੀਰਤਨ' ਦੀ ਪੋਥੀ ਰੱਖ ਲਵੋ, ਕਿਸੇ ਨੂੰ ਕੋਈ ਇਤਰਾਜ਼ ਨਹੀਂ । ਬਾਣੀ ਸ਼ੁੱਧ ਗਾਓ ਜਾਂ ਅਸ਼ੁੱਧ, ਕਿਸੇ ਪੁੱਛਣਾ ਨਹੀਂ । ਪਵਿੱਤਰ ਗੁਰਬਾਣੀ ਨੂੰ ਭਾਵੇਂ ਮਨ-ਘੜਤ ਤਰਜਾਂ ਤੇ ਗਾਓ, ਭਾਵੇਂ ਕਾਮ-ਵਰਧਿਕ ਫਿਲਮੀ ਟਿਯੂਨਾ ਤੇ, ਕਿਸੇ ਧਿਆਨ ਨਹੀਂ ਦੇਣਾ । ਕੇਵਲ ਆਵਾਜ਼ ਸੁਰ ਵਿੱਚ ਹੋਣਾ ਚਾਹੀਦਾ ਹੈ, ਤਾਂ ਜੋ ਸੰਗਤਾਂ ਵੱਧ ਤੋਂ ਵੱਧ ਗੁਰਦੁਆਰੇ ਆਉਣ ਅਤੇ ਮਾਇਆ ਦੇ ਖੁੱਲ੍ਹੇ ਗੱਫੇ ਅਰਪਣ ਕਰਨ । ਇੰਜ ਸਿੱਖ ਸੰਗਤਾਂ ਭੀ ਅਨੰਦ ਪ੍ਰਸੰਨ ਅਤੇ ਪ੍ਰਬੰਧਕ ਭੀ ਨਿਹਾਲੋ-ਨਿਹਾਲ ।

ਉਪਰੋਕਤ ਸਾਰੀ ਗੱਲ ਦਾ ਸਾਰ-ਅੰਸ਼ ਇਹੋ ਹੈ ਕਿ ਇਤਿਹਾਸਕ ਗੁਰਦੁਆਰਿਆਂ ਅੰਦਰ ਪੁਰਾਤਨ ਸਮੇਂ ਤੋਂ ਜੋ ਗੁਰਮਤਿ ਮਰਯਾਦਾ (ਕੀਰਤਨ ਸ਼ੈਲੀ) ਸੀਨਾ-ਬਸੀਨਾ ਚਲੀ ਆ ਰਹੀ ਸੀ, ਉਹ ਮੌਜੂਦਾ ਸਮੇਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਭਾ-ਸੁਸਾਇਟੀਆਂ ਦੀ ਅਣ-ਗਹਿਲੀ ਕਾਰਨ ਲਗਭਗ ਸਮਾਪਤ ਹੋ ਗਈ ਹੈ ਅਤੇ ਇਸ ਵਿੱਚ ਸੁਧਾਰ ਹੋਣ ਦੀ ਅਜੇ ਕੋਈ ਆਸ ਨਜ਼ਰ ਨਹੀਂ ਆਉਂਦੀ ।


**The Sikh Courier**

**88 Mollison Way, Edgware Middlesex (Greator London) U.K.**

**The Sikh Review**

**116 Karnani Mansion**
**25-A, Park Steet, Calcutta 700016**

# ਸਾਡੇ ਕੀਰਤਨੀਏ : ਭਾਈ ਸਾਹਿਬ ਭਾਈ ਸ਼ਮਸ਼ੇਰ ਸਿੰਘ ਜੀ

ਅਵਤਾਰ ਸਿੰਘ ਜੱਜ

ਭਾਈ ਸਾਹਿਬ ਭਾਈ ਸ਼ਮਸ਼ੇਰ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸੀਸ ਗੰਜ ਦਿੱਲੀ, ਸਿੱਖ ਪੰਥ ਦੇ ਮਹਾਨ ਅਤੇ ਉਘੇ ਰਾਗੀ ਸਨ । ਆਪ ਜੀ ਸਿੱਖ ਪੰਥ ਦੇ ਕਲਾਸੀਕਲ ਸਟਾਈਲ ਵਿੱਚ ਗਾਇਨ ਕਰਨ ਵਾਲੇ ਕੀਰਤਨੀਏ ਸਨ । ਜੇਕਰ ਇਹ ਕਿਹਾ ਜਾਵੇ ਕਿ ਸ੍ਰੀ ਮਾਨ ਪੰਡਤ ਜਸਰਾਜ, ਭੀਮਸੈਨ ਜੋਸ਼ੀ, ਨਾਸਿਰ ਹੁਸੈਨ ਖਾਂ ਜਾਂ ਕੋਈ ਹੋਰ ਹਿੰਦੋਸਤਾਨੀ ਕਲਾਸੀਕਲ ਸਟਾਈਲ ਦੇ ਸੰਗੀਤਕਾਰ ਦਾ ਜੋ ਦਰਜਾ ਹੈ ਉਹੀ ਗੁਰੂ ਘਰ ਦੇ ਕੀਰਤਨੀਏ ਭਾਈ ਸਾਹਿਬ ਦਾ ਹੈ ਤਾਂ ਇਹ ਗੱਲ ਕੋਈ ਵਧਾ ਚੜ੍ਹਾ ਕੇ ਨਹੀਂ ਹੋਏਗੀ । ਜਿੱਥੇ ਉਹ ਹਿੰਦੋਸਤਾਨ ਦੇ ਉਘੇ ਸੰਗੀਤਕਾਰ ਸਨ । ਉਥੇ ਭਾਈ ਸਾਹਿਬ ਸਿੱਖ ਪੰਥ ਦੇ ਉਘੇ ਕਲਾਸੀਕਲ ਰਾਗਾਂ ਵਿੱਚ ਸ਼ਬਦ ਗਾਇਨ ਕਰਨ ਵਾਲੇ ਸੰਗੀਤਕਾਰ ਸਨ । ਆਪ ਜੀ ਕੋਲ ਰਾਗ ਵਿੱਦਿਆ ਦਾ ਅਨੰਤ ਧਨ ਸੀ ਜੋ ਆਪ ਜੀ ਨੂੰ ਬਚਪਨ ਵਿੱਚ ਕਰੜੀ ਮਿਹਨਤ ਅਤੇ ਘਾਲ ਕਮਾਈ ਕਰਨ ਨਾਲ ਮਿਲਿਆ ਸੀ । ਆਪ ਪ੍ਰਸਿੱਧ ਰਾਗੀ ਭਾਈ ਸੰਤਾ ਸਿੰਘ ਦੇ ਛੋਟੇ ਭਰਾਤਾ ਸਨ । ਆਪ ਆਪਣੇ ਵੱਡੇ ਭਾਈ ਸਾਹਿਬ ਨੂੰ ਨਾ ਕੇਵਲ ਵੱਡੇ ਭਰਾਤਾ ਹੀ ਮੰਨਦੇ ਸਨ ਬਲਕਿ ਆਪਣਾ ਗੁਰੂ ਵੀ ਮੰਨਦੇ ਸਨ ਅਤੇ ਉਨ੍ਹਾਂ ਦੀ ਯਾਦ ਵਿਚ ਆਪ ਜੀ ਵੈਰਾਗ ਵਿਚ ਆ ਜਾਂਦੇ ਸਨ । ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਨੇ ਆਪ ਲਈ ਲਹੌਰ ਤੋਂ ਪ੍ਰਸਿੱਧ ਮੁਸਲਮਾਨ ਸੰਗੀਤਕਾਰ ਐਮਦੀ ਖਾਨ ਤੋਂ ਸੰਗੀਤ ਦੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ, ਜੋ ਕਿ ਲਾਹੌਰ ਤੋਂ ਅੰਮ੍ਰਿਤਸਰ ਆ ਕੇ ਆਪ ਜੀ ਨੂੰ ਸਿੱਖਲਾਈ ਦਿੰਦੇ ਸਨ । ਆਪ ਨੂੰ ਐਫ. ਏ. ਦੀ ਪੜ੍ਹਾਈ ਪੂਰੀ ਕਰਨ ਤੋਂ ਪਹਿਲਾਂ ਹੀ ਆਪਣੇ ਵੱਡੇ ਭਰਾਤਾ ਭਾਈ ਸਾਹਿਬ, ਭਾਈ ਸੰਤਾ ਸਿੰਘ ਜੀ ਨਾਲ ਕੀਰਤਨ ਕਰਨਾ ਪਿਆ ।

੧੯੪੭ ਤੋਂ ੧੯੫੨ ਤੱਕ ਵਿਉਪਾਰਕ ਖੇਤਰ ਵਿੱਚ ਆਪ ਠੇਕੇਦਾਰੀ ਕਰਦੇ ਰਹੇ ਪਰ ਮਾਨਸਿਕ ਝੁਕਾਅ ਹਮੇਸ਼ਾ ਕੀਰਤਨ ਵੱਲ ਹੀ ਰਿਹਾ । ੧੯੫੨ ਵਿੱਚ ਭਾਈ ਸਾਹਿਬ ਜੀ ਨੂੰ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਤੇ ਨਿਯੁਕਤ ਕੀਤਾ ਗਿਆ । ਇਸ ਉਪਰੰਤ ੧੯੫੩ ਵਿੱਚ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹੈਡ ਰਾਗੀ ਦੀ ਜਗਾਹ ਤੇ ਨਿਯੁਕਤ ਕੀਤਾ ਗਿਆ ਜਿੱਥੇ ਆਪ ਜੀ ੧੯੬੪ ਤੱਕ ਰੋਜ਼ਾਨਾ ਆਸਾ ਦੀ ਵਾਰ ਦਾ ਕੀਰਤਨ ਕਰਦੇ ਰਹੇ ।

ਇਸ ਦੌਰਾਨ ਆਪ ਜੀ ਤੋਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਲੋਂ ਪੰਜਾਬੀ ਸੂਬਾ ਮੋਰਚਾ ਲਈ ਸੇਵਾਵਾਂ ਲਈਆਂ ਗਈਆਂ । ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਹੁੰਦਿਆਂ ਹੋਇਆਂ ਵੀ ਆਪ ਨੇ ਤਨ-ਮਨ-ਧਨ ਨਾਲ ਹੀ ਨਹੀਂ ਬਲਕਿ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਆਪਣੀ ਸਿੰਘਣੀ ਨੂੰ ੫੦੦ ਦੇ ਜੱਥੇ ਨਾਲ ਭੇਜਣ ਤੋਂ ਪਿੱਛੇ ਨਹੀਂ ਹਟੇ । ਛੇ ਮਹੀਨੇ ਦੀ ਬੱਚੀ ਕੁੱਛੜ ਚੁੱਕ ਕੇ ਆਪ ਦੀ ਸਿੰਘਣੀ ਬੇਅੰਤ ਕੌਰ ਖੁਸ਼ੀ-ਖੁਸ਼ੀ ਜੱਥੇ ਨਾਲ ਤੁਰ ਪਈ, ਜਿਸ ਤਰ੍ਹਾਂ ਹਰਸਾ ਸਿੰਘ 'ਚਾਤਰ' ਨੇ ਆਪਣੀ ਲਿਖੀ ਵਾਰ ਵਿੱਚ ਇਸਦਾ ਜ਼ਿਕਰ ਕੀਤਾ ਹੈ, "ਬੇਅੰਤ ਕੌਰ ਸਰਦਾਰਨੀ, ਸਤਿਗੁਰੂ ਪਿਆਰੀ । ਸ਼ਮਸ਼ੇਰ ਸਿੰਘ ਦੀ ਪਤਨੀ, ਪੱਤ ਰੱਖਣ ਹਾਰੀ ॥ ਦੁੱਧ ਚੁੰਘਦਾ ਬੱਚਾ ਚੁੱਕ ਕੇ, ਮਾਰੀ ਲਲਕਾਰੀ ॥ ਪੰਜਾਬੀ ਸੂਬਾ ਗੂੰਜਿਆ, ਸੁਣ ਕੇ ਸੰਸਾਰੀ ॥

ਚੂੰਕਿ ਭਾਈ ਸਾਹਿਬ ਪੋਲੀਟੀਕਲ ਝੁਕਾਅ ਦੇ ਸ਼ਖਸ ਨਹੀਂ ਸਨ ਇਸ ਲਈ ਪੰਜਾਬੀ ਸੂਬੇ ਦਾ ਰੁਖ ਬਦਲਦਿਆਂ ਦੇਖ ਕੇ ਹਰਿਮੰਦਰ ਸਾਹਿਬ ਦੀ ਨੌਕਰੀ ਛੱਡ ਕੇ ਦਿੱਲੀ ਆ ਗਏ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਤਿਹਤ ਆਪਣਾ ਜੱਥਾ ਬਣਾ ਕੇ ਕੀਰਤਨ ਕਰਨ ਲਗ ਪਏ । ਜਥੇਦਾਰ ਸੰਤੋਖ ਸਿੰਘ ਜੀ ਉਦੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸਨ । ਭਾਈ ਸਾਹਿਬ ਭਾਈ ਸੰਤਾ ਸਿੰਘ ਜੋ ਕਿ ਉਦੋਂ ਗੁਰਦੁਆਰਾ ਸੀਸ ਗੰਜ ਦੇ ਹੈਡ ਰਾਗੀ ਸਨ, ਅਚਾਨਕ ਅਕਾਲ ਚਲਾਣਾ ਕਰ ਗਏ । ਜਥੇਦਾਰ ਸੰਤੋਖ ਸਿੰਘ ਜੀ ਨੇ ਆਪ ਨੂੰ, ਆਪ ਦੇ ਵੱਡੇ ਭਰਾਤਾ ਜੀ ਦੀ ਜਗਾ ਤੇ ਲਗਾਉਣ ਦਾ ਫੈਸਲਾ ਕੀਤਾ ਅਤੇ ਗੁ. ਸੀਸ ਗੰਜ ਦੇ ਹਜ਼ੂਰੀ ਰਾਗੀ ਨਿਯੁਕਤ ਕੀਤਾ । ਜੱਥੇਦਾਰ ਸੰਤੋਖ ਸਿੰਘ ਜੀ ਨੂੰ ਕਈ-ਇੱਕ ਮੌਕਿਆਂ ਤੇ ਆਪ ਦੇ ਸੰਤ ਸਿਪਾਹੀ ਹੋਣ ਦਾ ਜਾਤੀ ਤਜਰਬਾ ਹੋਇਆ । ਇਹਨਾਂ ਚੋਂ ਦੋ ਮੌਕੇ ਖਾਸ ਅਹਿਮੀਅਤ ਰੱਖਦੇ ਹਨ । ਇੱਕ ਭਾਈ ਵੀਰ ਸਿੰਘ ਸਦਨ ਜੋ ਅੱਜ ਕਲ ਗੋਲ ਮਾਰਕੀਟ ਕੋਲ ਹੈ, ਉਹਨਾਂ ਦਿਨਾਂ ਵਿੱਚ (੧੯੬੫) ਜਗਾਹ ਲੈਣ ਦੀ ਕੋਸ਼ਿਸ਼ ਵਿੱਚ ਕੁਝ ਕੁ ਸਮੇਂ ਲਈ ਗੁਰਦੁਆਰਾ ਬੰਗਲਾ ਸਾਹਿਬ ਦੀ ਹੱਦ ਵਿੱਚ ਹੀ ਟਿਕੇ ਹੋਏ ਸਨ । ਭਾਈ ਸਾਹਿਬ ਦੀ ਰਿਹਾਇਸ਼ ਵੀ ਗੁਰਦੁਆਰਾ ਬੰਗਲਾ ਸਾਹਿਬ ਸੀ । ਇਹ ਗੱਲ ਮੁੱਖ ਰੱਖਦਿਆਂ ਹੋਇਆਂ ਕਿ ਕਲ ਨੂੰ ਕੋਈ ਮੁਸ਼ਕਿਲ ਨਾ ਆ ਪਏ, ਆਪ ਦਿੱਲੀ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਦੇ ਟਰੱਸ ਟ ਦੇ ਟਰੱਸਟੀਜ਼ (ਡੀਫੈਂਸ ਮਿਨਿਸਟਰ ਸ੍ਰ. ਸੁਰਜੀਤ ਸਿੰਘ ਜੀ, ਸ੍ਰ. ਉਜਲ ਸਿੰਘ, ਗਵਰਨਰ, ਮਦਰਾਸ, ਸ੍ਰ. ਬਹਾਦਰ ਅਰਜਨ ਸਿੰਘ ਜੀ ਅਤੇ ਹੋਰਨਾਂ) ਦੇ ਵਿੱਚ ਪੈ ਕੇ, ਸਦਨ ਨੂੰ ਵੱਖਰੀ ਜਗਾਹ ਲੈਣ ਦੀ ਬੇਨਤੀ ਕੀਤੀ । ਆਪ ਦੀ ਇਸ ਬੇਨਤੀ ਨੂੰ ਉਹਨਾਂ ਸਵੀਕਾਰ ਕੀਤਾ । ਦੂਸਰੇ ੧੯੭੮ ਵਿੱਚ ਗੁਰੂ ਗ੍ਰੰਥ

ਸਾਹਿਬ ਜੀ ਦੇ ਸਾੜੇ ਜਾਣ ਦੇ ਸਿਲਸਿਲੇ ਵਿੱਚ ਜਥੇਦਾਰ ਸੰਤੋਖ ਸਿੰਘ ਜੀ ਦੀ ਸਰਪ੍ਰਸਤੀ ਹੇਠ ਜਲੂਸ ਕੱਢਿਆ ਗਿਆ, ਜਿਸ ਵਿੱਚ ਸ਼ਾਮਲ ਹੋਣ ਲਈ ਜਥੇਦਾਰ ਜੀ ਆਪ ਲੈਣ ਆਏ । ਹਾਲਾਂਕਿ ਆਪ ਨੂੰ ਉਹਨਾਂ ਦਿਨਾਂ ਵਿੱਚ ਹਾਰਟ ਅਟੈਕ ਤੋਂ ਬਾਅਦ ਅਜੇ ਆਲ ਇੰਡੀਆ ਮੈਡੀਕਲ ਇਨਸਟੀਚਿਊਟ ਤੋਂ ਆਇਆਂ ਕੁਝ ਕੁ ਦਿਨ ਹੀ ਹੋਏ ਸਨ, ਆਪ ਜਲੂਸ ਵਿੱਚ ਸ਼ਾਮਲ ਹੋਣ ਲਈ ਚਲ ਪਏ, ਕਾਫ਼ੀ ਡਾਂਗਾਂ ਸੋਟੇ ਖਾਧੇ ਅਤੇ ਜ਼ਖਮੀ ਹੋਏ । ਆਪ ਦੀ ਸਿੰਘਣੀ ਬੀਬੀ ਬੇਅੰਤ ਕੌਰ ਨੇ ਵੀ ਜਲੂਸ ਵਿੱਚ ਸ਼ਾਮਿਲ ਹੋ ਕੇ ਡਾਂਗਾਂ ਖਾਣ ਵਿੱਚ ਪੂਰਾ ਸਾਥ ਦਿੱਤਾ ।

ਇਹ ਤਾਂ ਪੁਰਾਣੀਆਂ ਗੱਲਾਂ ਹਨ । ਹਾਲ ਹੀ ਵਿੱਚ ੧੯੮੪ ਦੇ ਦੰਗਿਆਂ ਵਿੱਚ ਵਾਪਰੀ ਘਟਨਾ, ਜਦੋਂ ਕਿ ਤਿੰਨ ਦਿਨ ਲਗਾਤਾਰ ਕੋਈ ਲਾਅ ਅਤੇ ਆਰਡਰ ਨਹੀਂ ਸੀ, ੪000 ਦੇ ਮੌਬ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਤੇ ਧਾਵਾ ਬੋਲਿਆ, ਗੁਰਦੁਆਰੇ ਉਤੇ ਗੋਲੀਆਂ ਚਲਾਈਆਂ ਅਤੇ ਦਰਵਾਜ਼ੇ ਸਾੜੇ ਗਏ । ਗੁਰਦੁਆਰਾ ਬੰਗਲਾ ਸਾਹਿਬ ਵੱਲ ਜੋ ਕਿ ਬਿਲਕੁਲ ਕੋਲ ਹੀ ਅੱਧਾ ਕਿਲੋਮੀਟਰ ਤੇ ਹੈ ਮੌਬ ਤੁਰਿਆ ਆ ਰਿਹਾ ਸੀ, ਭਾਈ ਸਾਹਿਬ ਜੀ ਨੇ ਕਿਸ ਤਰ੍ਹਾਂ ਛੋਟੇ-ਛੋਟੇ ੧੦-੧੨ ਮੁੰਡੇ ਅਤੇ ਬਿਰਧਾਂ ਨੂੰ (ਜਿਨ੍ਹਾਂ ਦੀ ਰਿਹਾਇਸ਼ ਗੁਰਦੁਆਰੇ ਦੇ ਅੰਦਰ ਹੀ ਸੀ) ਨਾਲ ਲੈ ਕੇ ਉਸ ਮੌਬ ਕੋਲੋਂ ਨਾ ਕੇਵਲ ਗੁਰਦੁਆਰੇ ਨੂੰ ਹੀ ਬਚਾਇਆ ਸਗੋਂ ਗੁਰਦੁਆਰੇ ਤੋਂ ਬਾਹਰ ਕੋਈ ਅੱਧਾ ਕਿਲੋਮੀਟਰ ਦੂਰ ਗੋਲ-ਮਾਰਕੀਟ ਤੱਕ ਭਜਾਇਆ । ਉਹ ਲੋਕ ਚਿੰਗਾਰੇ ਮਾਰਦੇ, ਇੱਕ ਦੂਜੇ ਦੇ ਹੇਠਾਂ ਉਪਰ ਡਿੱਗਦੇ ਹੋਏ ਭੱਜ ਪਏ । ਉਦੋਂ ਦੇ ਪ੍ਰਧਾਨ (ਕਮੇਟੀ ਦੇ) ਨੇ ਆਪ ਨੂੰ ਯੋਗ ਸਮਝਦਿਆਂ ਹੋਇਆਂ ਲਿਖਤੀ ਦੇ ਦਿੱਤਾ ਕਿ ਜਿੰਨਾ ਚਿਰ ਹਾਲਾਤ ਠੀਕ ਨਹੀਂ ਹੁੰਦੇ ਆਪ ਗੋਲਕ ਖੋਲ ਕੇ ਪੈਸਾ ਲੋੜ ਅਨੁਸਾਰ ਵਰਤ ਸਕਦੇ ਹੋ, ਲੰਗਰ ਦੀ ਰਸਦ, ਹਸਪਤਾਲ ਤੋਂ ਦਵਾਈਆਂ ਆਦਿ ਵਰਤ ਸਕਦੇ ਹੋ । ਆਪ ਨੇ ਇਸ ਲਿਖਤ ਦਾ ਨਾਜਾਇਜ਼ ਫਾਇਦਾ ਨਾ ਉਠਾਂਦਿਆਂ ਹੋਇਆਂ ਉਸ ਲਿਖਤ ਨੂੰ ਸੰਭਾਲ ਰੱਖਿਆ । ਥੋੜ੍ਹੇ ਸਮੇਂ ਪਿੱਛੋਂ ਪ੍ਰਧਾਨ ਸਾਹਿਬ ਬਿਰਧ ਅਵਸਥਾ ਕਾਰਣ ਢਿੱਲੇ ਹੋ ਗਏ । ਆਪ ਨੇ ਉਹਨਾਂ ਨੂੰ ਲਿਖਤ ਵਾਪਸ ਦੇ ਦਿੱਤੀ ਕਿ ਕਿਧਰੇ ਉਹਨਾਂ ਦੇ ਮਨ ਤੇ ਕੋਈ ਬੋਝ ਨਾ ਬਣਿਆ ਰਹੇ । ਪ੍ਰਧਾਨ ਜੀ ਨੇ ਇਹਨਾਂ ਸਾਹਮਣੇ ਇਹ ਲਿਖਤ ਪਾੜ ਦਿੱਤੀ ।

ਕੀ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਕੀ ਅਕਾਲੀ ਦਲ ਅਤੇ ਕੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਕਈ ਪੋਲਿਟੀਕਲ ਪਾਰਟੀਆਂ ਨੇ ਜ਼ੋਰ ਪਕੜਿਆ, ਕਈ ਉਪਰ ਥੱਲੇ ਹੋਈਆਂ ਪਰ ਭਾਈ ਸਾਹਿਬ ਕਿਸੇ ਧੜੇਬਾਜ਼ੀ ਵਿੱਚ ਪੈਣ ਵਾਲੇ ਨਹੀਂ ਸਨ । ਕੋਈ ਵੀ ਧੜਾ ਹੋਵੇ ਭਾਈ ਸਾਹਿਬ ਉਤਨੇ ਹੀ ਸਨਮਾਨ ਅਤੇ ਪਿਆਰ ਨਾਲ ਪੇਸ਼ ਆਉਂਦੇ ਸਨ ਅਤੇ ਉਹ ਵੀ ਭਾਈ ਸਾਹਿਬ ਨੂੰ ਉਤਨਾ ਹੀ ਸਨਮਾਨ ਦਿੰਦੇ ਆਏ ਹਨ । ਭਾਈ ਸਾਹਿਬ ਦਾ ਅਸਲੀ ਆਸਰਾ ਤਾਂ ਗੁਰੂ ਘਰ ਦੀ ਸੰਗਤ ਹੀ ਸੀ । ਆਪ ਜੀ ਦੀ ਆਤਮਾ ਜੋ ਸੰਗਤ ਨੂੰ ਕੀਰਤਨ ਸੁਣਾ ਕੇ ਪ੍ਰਫੁੱਲਤ ਹੁੰਦੀ ਸੀ ਸ਼ਾਇਦ ਹੀ ਕਿਸੇ ਵਿਅਕਤੀ ਦੀ ਵਾਹੁ ਸੁਨਣ ਵਿੱਚ ਹੁੰਦੀ ਹੋਵੇਗੀ । ਆਪ ਲਈ ਕੀਰਤਨ ਹੀ ਆਪ ਦੀ ਜਿੰਦ-ਜਾਨ ਸੀ । ਆਪ ਦੀ ਹਾਰਦਿਕ ਅਰਦਾਸ ਇਹੋ ਹੀ ਹੁੰਦੀ ਸੀ ਕਿ ਸੰਗਤ ਨੂੰ ਵੱਧ ਤੋਂ ਵੱਧ ਗੁਰੂ ਮਹਾਰਾਜ ਦੇ ਸ਼ਬਦ ਦਾ ਕੀਰਤਨ ਸੁਣਾ ਕੇ ਆਪਣਾ ਜੀਵਨ ਸਫਲਾ ਕਰ ਸਕਣ । ਆਪ ਦਾ ਇਹ ਕਥਨ ਸੀ ਕਿ ਕੀਰਤਨ ਦੀ ਦਾਤ ਇੱਕ ਮਹਾਨ ਦਾਤ ਹੈ । ਇਹ ਰਿਆਜ਼ ਅਤੇ ਕਲਾਸੀਕਲ ਸੰਗੀਤ ਸਿੱਖਣ ਤੋਂ ਬਿਨਾਂ ਨਹੀਂ ਮਿਲ ਸਕਦੀ । ਆਪ ਚਾਹੁੰਦੇ ਸਨ ਕੀ ਨੌਜੁਆਨ ਕੀਰਤਨੀਏ ਮਿਹਨਤ ਕਰਨ ਅਤੇ ਵੱਧ ਤੋਂ ਵੱਧ ਇਹ ਦਾਤ ਹਾਸਲ ਕਰਨ । ਆਪ ਨੌਜੁਆਨ ਕੀਰਤਨੀਆਂ ਦੀਆਂ ਬੇ-ਤਾਲਾ ਅਤੇ ਰਾਗ ਵਿੱਦਿਆ ਦੀਆਂ ਉਣਤਾਈਆ ਸੁਣ ਕੇ ਅਤਿ ਮਾਯੂਸ ਹੁੰਦੇ ਸਨ । ਆਪ ਜੀ ਨੇ ਇਸ ਦੌਰਾਨ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਸੇਵਾ ਕੀਤੀ । ਹਰ ਸਾਲ ਗੁਰੂ ਰਾਮਦਾਸ ਜੀ ਦੇ ਜਨਮ ਦਿਵਸ ਤੇ ਸਾਲਾਨਾ ਕੀਰਤਨ ਦਰਬਾਰ ਵਿੱਚ ਹਿੱਸਾ ਲੈਂਦੇ, ਜਿਥੇ ਕਿ ੫੦-੫੦ ਉਘੇ ਕੀਰਤਨੀ ਜੱਥੇ ਹਾਜ਼ਰੀ ਭਰਦੇ ਹੁੰਦੇ ਸਨ । ੧੯ ਜਨਵਰੀ, ੧੯੮੩ ਨੂੰ ਪੰਜਾਬ ਐਂਡ ਸਿੰਧ ਬੈਂਕ ਦੀ ਪਲਾਟੀਨਮ ਜੁਬਲੀ ਦੇ ਸੰਬੰਧ ਵਿੱਚ ਕੀਰਤਨ ਦਰਬਾਰ ਵਿੱਚ ਆਪ ਨੂੰ ਵੀ ਸ਼ਬਦ ਪੜ੍ਹਨ ਲਈ ਸੱਦਾ ਆਇਆ । ਆਪ ਉਥੋਂ ਵੀ ਇਜ਼ਤ ਮਾਣ ਪ੍ਰਾਪਤ ਕਰਕੇ ਆਏ । ਆਪ ਜੀ ਦੀਆਂ ਕੀਰਤਨ ਦੀਆ ਸੇਵਾਵਾਂ ਮੁੱਖ ਰੱਖਦੇ ਹੋਏ ਆਪ ਨੂੰ ਧਰਮ ਪ੍ਰਚਾਰ ਕਮੇਟੀ ਚੀਫ ਖਾਲਸਾ ਦੀਵਾਨ ਨੇ ਇੱਕ ਵਿਸ਼ੇਸ਼ ਸਮਾਗਮ ਜਲੰਧਰ ਵਿਖੇ ਕਰਕੇ ੨੭ ਮਾਰਚ ੧੯੮੮ ਨੂੰ 'ਭਾਈ ਸੰਤਾ ਸਿੰਘ ਰਾਗੀ ਸ਼੍ਰੋਮਣੀ ਅਵਾਰਡ ਅਤੇ ਸਨਮਾਨ-ਪੱਤਰ' ਨਾਲ ਸਨਮਾਨਤ ਕੀਤਾ । ਚੀਫ ਖਾਲਸਾ ਦੀਵਾਨ ਨੇ ਉਹਨਾਂ ਕੀਰਤਨੀਆਂ ਦਾ ਸਨਮਾਨ ਹਰ ਸਾਲ ਕਰਨ ਦਾ ਫੈਸਲਾ ਕੀਤਾ ਹੈ ਜਿੰਨ੍ਹਾਂ ਦਾ ਇਸ ਖੇਤਰ ਵਿੱਚ ਖਾਸ ਯੋਗਦਾਨ ਰਿਹਾ ਹੈ ।

ਭਾਈ ਸਾਹਿਬ ਜੀ ਦੀ ਰਿਟਾਇਰਮੈਂਟ ਤੋਂ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਬੋਰਡ ਦੀ ਇਕੱਤਰਤਾ ਮਿਤੀ ੩੦-੦੫-੧੯੯੫ ਦੇ ਅਨੁਸਾਰ ਆਪ ਜੀ ਦੀ ਪੁਰਾਣੀ ਸੇਵਾ ਨੂੰ ਮੁੱਖ ਰੱਖਦਿਆਂ ਹੋਇਆ ਜੀਵਨ ਭਰ ਲਈ ਰਹਾਇਸ਼, ਤਨਖ਼ਾਹ ਅਤੇ ਮੈਡੀਕਲ ਦੀ ਗੁਰਦਵਾਰਾ ਕਮੇਟੀ ਵੱਲੋਂ ਸਨਮਾਨ ਵਜੋਂ ਪ੍ਰਵਾਨਗੀ ਦਿੱਤੀ ਗਈ, ਭਾਈ ਸਾਹਿਬ ਮਿਤੀ ੨੫--੧੦-੧੯੯੬ ਨੂੰ ਅਕਾਲ ਚਲਾਣਾ ਕਰ ਗਏ ਹਨ । ਸਿੱਖ ਪੰਥ ਦੇ ਨੌਜੁਆਨ ਆਪਣੀ ਸੱਚੀ ਸ਼ਰਧਾਜਲੀ ਤਾਂ ਹੀ ਦੇ ਸਕਦੇ ਹਨ ਜੇਕਰ ਉਹ ਭਾਈ ਸਾਹਿਬ ਵਾਂਗ ਰਾਗ ਵਿੱਦਿਆ ਹਾਸਲ ਕਰਨ ਅਤੇ ਵੱਧ ਤੋਂ ਵੱਧ ਮਿਹਨਤ ਕਰਕੇ ਕੀਰਤਨ ਦੀ ਦਾਤ ਹਾਸਲ ਕਰਨ ।

# ਸ਼ਰਧਾਂਜਲੀ :
# ਜਨਤਾ ਦੇ ਸੰਗੀਤ ਦਾ ਜਾਦੂਗਰ : ਗੁਲਸ਼ਨ ਕੁਮਾਰ

ਹਰਚਰਨ ਸਿੰਘ

ਜੇ ਸੰਗੀਤ ਨੂੰ ਆਤਮਾਂ ਜਾਂ ਪ੍ਰੇਮ ਦੀ ਖੁਰਾਕ ਕਿਹਾ ਜਾ ਸਕਦਾ ਹੈ ਤਾਂ ਸੁਰਗਵਾਸੀ ਗੁਲਸ਼ਨ ਕੁਮਾਰ, ਜਿਸ ਨੂੰ ਚਾਰ ਬੰਦੂਕਧਾਰੀਆਂ, ਬਾਰਾਂ ਅਗਸਤ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਨੇ ਉਸ ਸੰਗੀਤ ਨੂੰ ਚਖਿਆ ਹੀ ਨਹੀਂ ਬਲਕਿ ਪਿਛਲੇ ਤਿੰਨ ਦਹਾਕਿਆਂ ਵਿਚ ਭਰਪੂਰ ਮਾਣਿਆ ਵੀ ਅਤੇ ਜਨਤਾ ਵਿਚ ਵੰਡਿਆ ਵੀ ।

ਗੁਲਸ਼ਨ ਕੁਮਾਰ ਨੇ ਸੰਗੀਤ ਦੀਆਂ ਕੈਸਟਾਂ ਨੂੰ ਜਗਮਗਾਂਦੀਆਂ ਦੁਕਾਨਾਂ 'ਚੋਂ ਬਾਹਰ ਲਿਆ ਕੇ ਆਮ ਸੜਕਾਂ ਉਤੇ ਲਗਦੀਆਂ ਦੁਕਾਨਾਂ ਉਤੇ ਜਨਤਾ ਦੀ ਪਹੁੰਚ ਮੁਤਾਬਿਕ ਮੁੱਲ ਦੀਆਂ ਸੰਗੀਤ ਕੈਸਟਾਂ ਮੁਹੱਈਆਂ ਕਰਨ ਦਾ ਯਤਨ ਆਰੰਭਿਆ ਅਤੇ ਇਸ ਵਿਚ ਅਤਿਅੰਤ ਸਫਲਤਾ ਪ੍ਰਾਪਤ ਕੀਤੀ । ਉਸ ਸੰਗੀਤ ਸਮਰਾਟ ਦੇ ਜੀਵਨ ਕਾਲ ਨੂੰ 'ਫਲਾਂ ਦੇ ਰਸ ਤੋਂ ਸੰਗੀਤ ਦੇ ਰਸ ਤੱਕ ਦਾ ਸਫਰ' ਵੀ ਪੁਕਾਰਿਆ ਜਾ ਸਕਦਾ ਹੈ । 1978 ਵਿਚ ਦਿਲੀ ਦੇ ਚਾਂਦਨੀ ਚੌਕ ਅੰਦਰ ਫਲਾਂ ਦਾ ਰਸ ਵੇਚਣ ਵਾਲੇ ਇਨਸਾਨ ਨੇ 20 ਸਾਲਾਂ ਵਿਚ 250 ਕਰੋੜ ਰੁਪਿਆਂ ਦਾ ਕਾਰੋਬਾਰ ਕਾਇਮ ਕਰ ਕੇ ਇੱਕ ਨਵੀਂ ਮਿਸਾਲ ਪੈਦਾ ਕੀਤੀ । ਉਸ ਨੇ ਪ੍ਰਸਿਧ ਸੰਗੀਤਕਾਰ ਜੋੜੀ ਨਦੀਮ-ਸ਼ਰਵਨ ਤੋਂ ਇਲਾਵਾ ਅਨੁਰਾਧਾ ਪੋਡਵਾਲ, ਕੁਮਾਰ ਸ਼ਾਨੂੰ, ਸੋਨੂੰ ਨਿਗਮ ਅਤੇ ਹੋਰ ਅਣਗਿਣਤ ਵਿਅਕਤੀਆਂ ਨੂੰ ਸੰਗੀਤ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਦਾ ਅਵਸਰ ਦਿੱਤਾ ।

ਇਕ ਸਿਆਣੇ ਹਲਵਾਈ ਵਾਂਗ ਉਹ ਆਮ ਆਦਮੀ ਦੇ ਸੰਗੀਤ ਪ੍ਰਤੀ ਸੁਾਦ ਅਤੇ ਰੁਚੀ ਤੋਂ ਚੰਗੀ ਤਰ੍ਹਾਂ ਵਾਕਿਫ ਸੀ । ਭਾਵੇਂ ਕਾਲਕਾ ਜੀ ਵਿਚ ਮੁਨਿਆਰੀ ਦਾ ਦੁਕਾਨਦਾਰ ਹੋਵੇ, ਦਰਭੰਗਾ ਵਿਚ ਪਾਨ ਵੇਚਣ ਵਾਲਾ, ਝੁਮਰੀ ਤਲੱਈਆ ਦਾ ਸੰਗੀਤ ਸ੍ਰੋਤਾ ਜਾਂ ਪੰਜਾਬ ਦਾ ਕਿਰਸਾਨ, ਉਹ ਹਰ ਇੱਕ ਵਰਗ ਦੀ ਸੰਗੀਤਕ ਰਗ ਦਾ ਜਾਣੂ ਸੀ । ਉਸ ਨੇ ਸਭ ਤੋਂ ਪਹਿਲਾਂ ਭੋਜਪੁਰੀ ਭਾਸ਼ਾ ਵਿਚ 15 ਰੁਪਏ ਮੁੱਲ ਦੀਆਂ ਕੈਸਟਾਂ ਵੇਚਣੀਆਂ ਸ਼ੁਰੂ ਕੀਤੀਆਂ ਜਦੋਂ ਮਾਰਕੀਟ ਵਿਚ ਇੱਕ ਕੈਸਟ ਦੀ ਕੀਮਤ 60 ਰੁਪਏ ਸੀ । ਇੰਜ ਕਰਕੇ ਉਸ ਨੇ ਵੱਡੀਆਂ ਕੰਪਨੀਆਂ ਨਾਲ ਦੁਸ਼ਮਨੀ ਹੀ ਮੁਲ ਨਹੀਂ ਲਈ ਬਲਕਿ ਕਈ ਅਦਾਲਤਾਂ ਵਿਚ ਦਰਜਨਾਂ ਮੁਕੱਦਮਿਆਂ ਨੂੰ ਵੀ ਝੇਲਿਆ ।

1983 ਵਿਚ ਉਸ ਨੇ ਦਿੱਲੀ ਦੇ ਨੇੜੇ ਨੋਇਡਾ ਵਿਚ 'ਸੁਪਰ ਕੈਸਟ ਇੰਡਸਟਰੀਜ਼' ਕਾਇਮ ਕਰ ਕੇ 'ਟੀ-ਸਿਰੀਜ਼' ਦੇ ਨਾਂ ਹੇਠ ਕੈਸਟਾਂ ਦਾ ਉਤਪਾਦਨ ਆਰੰਭ ਕੀਤਾ 'ਤੇ 4 ਸਾਲਾਂ ਵਿਚ ਭਿੰਨ ਭਿੰਨ ਸੰਗੀਤ ਦੀਆਂ 80,000 ਕੈਸਟਾਂ ਰੋਜ਼ਾਨਾ ਵੇਚਣ ਲੱਗ ਪਿਆ, ਦਹਾਕੇ ਦੇ ਅੰਤ ਤੱਕ ਇਹ ਗਿਣਤੀ 3 ਲੱਖ ਕੈਸਟਾਂ ਪ੍ਰਤੀਦਿਨ ਦੀ ਰਫਤਾਰ 'ਤੇ ਪੁੱਜ ਗਈ ।

ਗੁਲਸ਼ਨ ਕੁਮਾਰ ਬਹੁਤ ਹੀ ਜ਼ਿਆਦਾ ਧਾਰਮਿਕ ਵਿਅਕਤੀ ਸੀ । ਉਸ ਨੇ ਪ੍ਰਸਿੱਧ ਹਿੰਦੂ ਤੀਰਥ ਸਥਾਨ ਵੈਸ਼ਨੋ ਦੇਵੀ ਨੂੰ ਕੇਵਲ ਸਜਾਇਆ ਸੰਵਾਰਿਆ ਹੀ ਨਹੀਂ ਸਗੋਂ 10 ਹਜ਼ਾਰ ਯਾਤਰੂਆਂ ਲਈ ਰੋਜ਼ਾਨਾ ਮੁਫਤ ਲੰਗਰ ਦਾ ਵੀ ਪ੍ਰਬੰਧ ਕੀਤਾ । ਨਿਜੀ ਤੌਰ 'ਤੇ ਧਾਰਮਿਕ ਹੋਣ ਦੇ ਨਾਲ ਨਾਲ ਉਸ ਨੇ ਧਰਮ ਦੀ ਵਪਾਰਕ ਸੰਭਾਵਨਾ ਦੀ ਵੀ ਆਰਥਿਕ ਹਿਤਾਂ ਲਈ ਰੱਜ ਕੇ ਵਰਤੋਂ ਕੀਤੀ, ਉਸ ਨੇ ਹਿੰਦੀ ਵਿੱਚ ਭਜਨਾਂ ਦੀਆਂ ਆਡੀਉ ਅਤੇ ਵੀਡੀਉ ਕੈਸਟਾਂ ਦੀ ਬਜ਼ਾਰ ਵਿਚ ਭਰਮਾਰ ਲਾ ਦਿੱਤੀ । ਕੈਸਟਾਂ ਦੇ ਨਾਲ ਹੀ ਉਸ ਨੇ ਟੇਪ ਰਿਕਾਰਡਰ ਅਤੇ ਟੀ.ਵੀ ਸੈਟਾਂ ਦਾ ਵੀ ਨਿਰਮਾਣ ਆਰੰਭ ਦਿੱਤਾ ਤੇ ਹੋਰ ਵਸਤੂਆ ਤੋਂ ਇਲਾਵਾ ਕੱਪੜੇ ਧੋਣ ਦਾ ਸਾਬਣ ਵੀ ਬਣਾਉਣਾ ਸ਼ੁਰੂ ਕਰ ਦਿੱਤਾ । ਉਸ ਨੇ ਆਪਣੇ ਨਾਂ ਹੇਠ ਫਿਲਮਾਂ ਦਾ ਨਿਰਮਾਣ ਵੀ ਆਰੰਭਿਆ ਤੇ ਉਹ ਵੀ ਬਾਕਸ ਆਫਿਸ 'ਤੇ ਬਹੁਤ ਸਫਲ ਰਹੀਆਂ ਹਨ ।

ਗੁਲਸ਼ਨ ਕੁਮਾਰ ਨੇ ਧਾਰਮਿਕ ਸੰਗੀਤ ਦੇ ਖੇਤਰ ਵਿਚ ਬਹੁ-ਮੁਲੀ ਦੇਣ ਵਿਚ ਹਿੰਦੂ ਭਜਨਾਂ ਦੇ ਨਾਲ ਨਾਲ ਇਸਲਾਮੀ ਧਾਰਮਿਕ ਸੰਗੀਤ ਅਤੇ ਗੁਰਬਾਣੀ ਦੀਆਂ ਆਡੀਉ ਅਤੇ ਵੀਡੀਉ ਕੈਸਟਾਂ ਦੇ ਨਿਰਮਾਣ ਅਤੇ ਪ੍ਰਚਾਰ ਪ੍ਰਤੀ ਵੀ ਭਾਰੀ ਰੁਚੀ ਵਿਖਾਈ, ਅਨੁਰਾਧਾ ਪੋਡਵਾਲ ਦੁਆਰਾ ਗਾਇਨ ਕੀਤੇ ਗਏ ਸ਼ਬਦਾਂ ਦੀ ਵੀਡੀਉ ਕੈਸਟ *'ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਸੋ ਦੁਖੁ ਕੈਸਾ ਪਾਵੈ ॥'* ਬਹੁਤ ਹੀ ਸਫਲ ਰਹੀ । ਫਿਰ ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲਿਆਂ ਨਾਲ ਸੰਮਿਲਤ ਰੂਪ ਵਿਚ ਅਨੁਰਾਧਾ ਪੋਡਵਾਲ ਨਾਲ ਗਾਇਨ ਆਡੀਉ ਕੈਸਟ *'ਸੁਣਿ ਸੁਣਿ ਜੀਵਾਂ ਤੇਰੀ ਬਾਣੀ '* ਵੀ ਬਹੁਤ ਪਸੰਦ ਕੀਤੀ ਗਈ । ਇਸ ਤੋਂ ਇਲਾਵਾ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਭਾਈ ਰਵਿੰਦਰ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ ਜੋਧਪੁਰੀ, ਭਾਈ ਹਰਨਾਮ ਸਿੰਘ ਜੀ ਸ੍ਰੀ ਨਗਰ ਵਾਲੇ (ਤਿੰਨੋਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਅਤੇ ਹੋਰ ਅਣਗਿਣਤ ਰਾਗੀ ਜੱਥਿਆਂ ਦੀਆਂ ਕੈਸਟਾਂ 'ਟੀ-ਸਿਰੀਜ਼' ਦੁਆਰਾ ਸਮੇਂ ਸਮੇਂ 'ਤੇ ਰਿਲੀਜ਼ ਹੁੰਦੀਆਂ ਰਹੀਆਂ । ਸਭ ਤੋਂ ਯਾਦਗਾਰੀ ਅਤੇ ਮਿਆਰੀ ਕੈਸਟਾਂ ਵਿੱਚ ਭਾਈ ਨਿਰਮਲ ਸਿੰਘ ਜੀ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੁਆਰਾ ਗਾਇਨ ਕੀਤੀ ਗਈ ਸ੍ਰੀ ਆਸਾ ਦੀ ਵਾਰ ਦੀਆਂ ਦੋ ਕੈਸਟਾਂ ਦਾ ਸੈੱਟ ਹੈ ਜੋ ਲੱਖਾਂ ਦੀ ਗਿਣਤੀ ਵਿਚ ਵਿਕੀ, ਹਾਲ ਵਿਚ ਗੁਰਬਾਣੀ ਸੰਗੀਤ ਵਿਚ 'ਟੀ-ਸਿਰੀਜ਼' ਦੀ ਨਵੀਨਤਮ ਅਤੇ ਦਿਲ ਖਿੱਚਵੀਂ ਕੈਸਟ ਹੈ 'ਅੰਮ੍ਰਿਤ ਕੀਰਤਨ' ਦੇ ਸੰਪਾਦਕ ਡਾ. ਜਾਗੀਰ ਸਿੰਘ ਜੀ ਦੀ ਪੁਰਕਸ਼ਿਸ਼ ਆਵਾਜ਼ ਵਿਚ ਗਾਇਨ ਕੀਤੀ ਗਈ *'ਸਭ ਬਿਧਿ ਤੁਮ ਹੀ ਜਾਨਤੇ ॥'* ਜਿਸ ਦੀ ਸਮੀਖਿਆ ਆ ਰਹੇ ਅੰਕਾਂ ਵਿੱਚ ਕੀਤੀ ਜਾਏਗੀ ।

ਉਪਰੋਕਤ ਤੱਥਾਂ ਤੋਂ ਪ੍ਰਤਖ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੁਲਸ਼ਨ ਕੁਮਾਰ ਆਪਣੇ ਆਪ ਵਿਚ ਇੱਕ ਸੰਸਥਾ ਸੀ, ਉਸ ਦਾ ਸੰਗੀਤ, ਵਿਸ਼ੇਸ਼ ਕਰ ਗੁਰਬਾਣੀ ਕੀਰਤਨ ਪ੍ਰਤੀ ਦੇਣ ਮਹਾਨ ਹੈ । ਅਜਿਹੇ ਵਿਅਕਤੀ ਜੱਗ ਵਿਚ ਵਿਰਲੇ ਹੀ ਜਨਮਦੇ ਹਨ । ਸਾਨੂੰ ਆਸ ਹੈ ਕਿ ਉਸ ਦਾ ਹੋਣਹਾਰ ਸਪੁੱਤਰ ਅਤੇ ਪਰਿਵਾਰ ਗੁਲਸ਼ਨ ਕੁਮਾਰ ਜੀ ਵਾਂਗ ਹੀ ਸਮਾਜ ਦੀ ਸੇਵਾ ਕਰਦੇ ਰਹਿਣਗੇ ।

# ਕੈਸਟ ਸਮੀਖਿਆ : ਕੀਰਤਨੁ ਨਿਰਮੋਲਕ ਹੀਰਾ

ਹਰਚਰਨ ਸਿੰਘ

ਪਿਛਲੇ ਦਿਨੀਂ *'ਫਾਇਨ ਟੱਚ ਕੈਸਟਸ'* ਅੰਮ੍ਰਿਤਸਰ ਵੱਲੋਂ ਭਾਈ ਸਰਬਜੀਤ ਸਿੰਘ ਜੀ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੁਆਰਾ ਗਾਇਨ ਕੀਤੇ ਗਏ ਛੇ ਸ਼ਬਦਾਂ ਦੀ ਕੈਸਟ *'ਕੀਰਤਨ ਨਿਰਮੋਲਕ ਹੀਰਾ'* ਰਿਲੀਜ਼ ਕੀਤੀ ਗਈ ਹੈ । ਕੈਸਟ ਦੀ ਦਿੱਖ ਬੜੀ ਦਿਲਖਿਚਵੀਂ ਹੈ ਅਤੇ ਇਹ ਵੀ ਖ਼ੁਸ਼ੀ ਦੀ ਗੱਲ ਹੈ ਕਿ ਕਵਰ ਉੱਪਰ ਦਿੱਤੀ ਗਈ ਸ਼ਬਦਾਂ ਦੀ ਜਾਣਕਾਰੀ ਵਿੱਚ ਲਗਾਂ ਮਾਤਰਾਂ ਦੀ ਕੋਈ ਭੁੱਲ ਨਹੀਂ । ਕੈਸਟ ਦੇ ਕਵਰ 'ਤੇ ਦਿੱਤੀ ਗਈ ਭਾਈ ਸਾਹਿਬ ਦੀ ਤਸਵੀਰ ਤੋਂ ਭਾਸਦਾ ਹੈ ਕਿ ਆਪ ਅਜੇ ਜਵਾਨੀ ਦੀ ਅਵਸਥਾ ਵਿੱਚ ਹੀ ਹਨ । ਚੰਗਾ ਹੋਵੇ ਜੇ ਕੋਈ ਆਪ ਜੀ ਦੇ ਜੀਵਨ ਅਤੇ ਕੀਰਤਨ ਦੀ ਸਿਖਿਆ ਸੰਬੰਧੀ 'ਅੰਮ੍ਰਿਤ ਕੀਰਤਨ' ਵਿੱਚ ਲੇਖ ਲਿਖ ਕੇ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰ ਸਕੇ ।

ਕੈਸਟ ਦੀ ਏ-ਸਾਈਡ ਦਾ ਪਹਿਲਾ ਸ਼ਬਦ 'ਰਾਮਕਲੀ ਮਹਲਾ 5' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ (893-94) ਉੱਪਰ ਅੰਕਿਤ ਹੈ । ਇਸ ਸ਼ਬਦ ਦੇ ਬੋਲ ਹਨ *'ਕੀਰਤਨੁ ਨਿਰਮੋਲਕ ਹੀਰਾ ॥ ਅਨੰਦ ਗੁਣੀ ਗਹੀਰਾ ॥'* ਜਦ ਕਿ ਰਹਾਉ ਦੀ ਪੰਕਤੀ ਹੈ *'ਮੇਰੇ ਰਾਮ ਕੋ ਭੰਡਾਰੁ ॥ ਖਾਤ ਖਰਚਿ ਕਛੁ ਤੋਟਿ ਨ ਆਵੈ, ਅੰਤੁ ਨਹੀ ਹਰਿ ਪਾਰਾਵਾਰੁ ॥'* ਇਸ ਸ਼ਬਦ ਨੂੰ ਆਪ ਜੀ ਨੇ ਚਲੰਤ ਕਹਿਰਵੇ ਤਾਲ ਵਿਚ ਗਾਇਨ ਕੀਤਾ ਹੈ । ਗਾਇਨ ਦਾ ਅੰਦਾਜ਼ ਸੁਹਣਾ ਹੈ ਅਤੇ ਆਪ ਜੀ ਦੀ ਆਵਾਜ਼ ਵਿਚ ਮਿਠਾਸ ਹੈ ।

ਇਸੇ ਸਾਈਡ ਦਾ ਦੂਸਰਾ ਸ਼ਬਦ ਹੈ *'ਰਾਖਹੁ ਰਾਖਹੁ ਕਿਰਪਾ ਧਾਰਿ ॥ ਤੇਰੀ ਸਰਣਿ ਤੇਰੈ ਦਰਵਾਰਿ ॥'* ਜੋ ਕਿ ਰਹਾਉ ਦੀ ਤੁੱਕ ਹੈ । ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ (1139-40) ਉੱਪਰ 'ਭੈਰਉ ਮਹਲਾ 5' ਅਧੀਨ ਅੰਕਿਤ ਹੈ । ਇਸ ਸ਼ਬਦ ਨੂੰ ਆਪ ਜੀ ਨੇ ਬੜੇ ਹੀ ਠਹਿਰਾ ਨਾਲ ਵਿਲੰਬਤ ਕਹਿਰਵੇ ਤਾਲ ਵਿਚ ਹਿੰਦੁਸਤਾਨੀ ਰਾਗ ਭੀਮ ਪਲਾਸੀ ਵਿਚ ਗਾਇਨ ਕੀਤਾ ਹੈ ।

ਇਸੇ ਸਾਈਡ ਦਾ ਤੀਜਾ ਸ਼ਬਦ 'ਬਿਲਾਵਲੁ ਮਹਲਾ 5' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ (803-4) ਉੱਪਰ ਅੰਕਿਤ ਹੈ ਅਤੇ ਇਸ ਦੇ ਬੋਲ ਹਨ *'ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥'* ਜੋ ਕਿ ਰਹਾਉ ਦੀ ਤੁੱਕ ਹੈ । ਆਪ ਜੀ ਨੇ ਅਸਥਾਈ ਵਜੋਂ *'ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥'* ਦੀ ਪੰਕਤੀ ਦਾ ਪ੍ਰਯੋਗ ਕੀਤਾ ਹੈ । ਆਮ ਤੌਰ 'ਤੇ ਰਾਗੀ ਸਿੰਘ ਇਸ ਸ਼ਬਦ ਦੀ ਪਹਿਲੀ ਪੰਕਤੀ *'ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥'* ਨੂੰ ਹੀ ਅਸਥਾਈ ਦਾ ਆਧਾਰ ਬਣਾਉਂਦੇ ਹਨ ਜੋ ਕਿ ਗੁਰਪੁਰਬਾਂ ਦੇ ਸਮੇਂ ਵੀ ਵਰਤੋਂ ਵਿਚ ਆ ਜਾਂਦੀ ਹੈ । ਇਸ ਸ਼ਬਦ ਨੂੰ ਆਪ ਜੀ ਨੇ ਹਿੰਦੁਸਤਾਨੀ ਰਾਗ ਭੂਪਾਲੀ ਵਿੱਚ ਬੜੇ ਹੀ ਸੁਹਜ ਅਤੇ ਸਵਾਦ ਨਾਲ ਗਾਇਨ ਕੀਤਾ ਹੈ । ਬੰਦਿਸ਼ ਬਹੁਤ ਹੀ ਵਧੀਆ ਹੈ ਖਾਸ ਕਰ ਕੇ ਅੰਤਰਾ, ਵਿਲੰਬਿਤ ਕਹਿਰਵੇ ਤਾਲ ਵਿਚ ਨਿਬੱਧ ਇਸ ਸ਼ਬਦ ਨੂੰ ਵਾਰ ਵਾਰ ਸੁਣਨ ਦੀ ਇੱਛਾ ਕਰਦੀ ਹੈ । ਤਬਲੇ ਦੀ ਸੰਗਤ ਢੁਕਵੀਂ ਹੈ ।

ਬੀ-ਸਾਈਡ ਦੇ ਪਹਿਲੇ ਸ਼ਬਦ ਦੇ ਬੋਲ ਹਨ *'ਰਸਨਾ ਰਾਮ ਕੋ ਜਸੁ ਗਾਉ ॥ ਆਨ ਸੁਆਦ ਬਿਸਾਰਿ ਸਗਲੇ, ਭਲੋ ਨਾਮ ਸੁਆਉ ॥'* ਜੋ ਕਿ ਰਹਾਉ ਦੀ ਵੀ ਪੰਕਤੀ ਹੈ । ਇਹ ਸ਼ਬਦ 'ਸਾਰੰਗ ਮਹਲਾ 5' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ (1220) ਉੱਪਰ ਅੰਕਿਤ ਹੈ । ਇਸ ਸ਼ਬਦ ਨੂੰ ਵੀ ਆਪ ਜੀ ਨੇ ਰਾਗ ਭੂਪਾਲੀ ਵਿੱਚ ਹੀ ਗਾਇਨ ਕੀਤਾ ਹੈ । ਮੱਧ ਲਯ ਕਹਿਰਵਾ ਤਾਲ ਵਿੱਚ ਨਿਬੱਧ ਇਸ ਸ਼ਬਦ ਦੀ ਬੰਦਿਸ਼ ਵੀ ਬਹੁਤ ਹੀ ਮਨਭਾਉਂਦੀ ਹੈ । ਅੰਤਰਾ ਵੀ ਬਹੁਤ ਸੁਹਣਾ ਗਾਇਨ ਕੀਤਾ ਗਿਆ ਹੈ ।

ਇਸੇ ਸਾਈਡ ਦਾ ਦੂਸਰਾ ਸ਼ਬਦ 'ਬਿਹਾਗੜਾ ਮਹਲਾ 4' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ (539-40) ਉੱਪਰ ਅੰਕਿਤ ਹੈ । ਇਸ ਸ਼ਬਦ ਦੇ ਚਾਰ ਪਦ ਹਨ । ਆਪ ਜੀ ਨੇ ਦੂਸਰੇ ਪਦ ਨੂੰ ਚੁਣਿਆ ਹੈ ਅਤੇ ਬੋਲ ਹਨ *'ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ, ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥'* ਇਸ ਸ਼ਬਦ ਨੂੰ ਆਪ ਜੀ ਨੇ ਸ਼ਾਮ ਨੂੰ ਗਾਏ ਜਾਣ ਵਾਲੇ ਹਿੰਦੁਸਤਾਨੀ ਰਾਗ ਬਿਹਾਗ ਵਿਚ ਗਾਇਨ ਕੀਤਾ ਹੈ । ਸੱਤ ਮਾਤ੍ਰਾ ਦੇ ਰੂਪਕ ਤਾਲ ਵਿੱਚ ਨਿੱਬਧ ਇਸ ਸ਼ਬਦ ਦੇ ਗਾਇਨ ਤੋਂ ਪੁਰਾਤਨ ਰੀਤਾਂ ਦੀ ਝਲਕ ਮਿਲਦੀ ਹੈ । ਸ਼ਬਦ ਦਾ ਗਾਇਨ ਬੜੇ ਠਹਿਰਾ ਅਤੇ ਸੁੰਦਰ ਅੰਦਾਜ਼ ਵਿੱਚ ਕੀਤਾ ਗਿਆ ਹੈ ।

ਬੀ-ਸਾਈਡ ਦਾ ਤੀਸਰਾ ਅਤੇ ਇਸ ਕੈਸਟ ਦਾ ਅੰਤਲਾ ਸ਼ਬਦ ਹੈ *'ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ ॥ ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ ॥'* ਜੋ ਕਿ ਰਹਾਉ ਦੀ ਤੁੱਕ ਵੀ ਹੈ । ਇਹ ਸ਼ਬਦ ਗੁਰੂ ਨਾਨਕ ਸਾਹਿਬ ਜੀ ਦੀ ਰਚਨਾ ਹੈ ਅਤੇ 'ਆਸਾ ਮਹਲਾ 1' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ (360) ਉੱਪਰ ਅੰਕਿਤ ਹੈ । ਇਸ ਸ਼ਬਦ ਨੂੰ ਆਪ ਜੀ ਨੇ ਚਲੰਤ ਕਹਿਰਵੇ ਵਿੱਚ ਗਾਇਨ ਕੀਤਾ ਹੈ ਅਤੇ ਗੀਤ ਵਿੱਚ ਮਿਠਾਸ ਹੈ । ਤਬਲੇ ਦੀ ਸੰਗਤ ਪੂਰੀ ਕੈਸਟ ਵਿੱਚ ਵਧੀਆ ਹੈ ਅਤੇ ਸਮੁੱਚੇ ਤੌਰ 'ਤੇ ਕੈਸਟ ਸੁਣਨ ਯੋਗ ਹੈ । ਭਾਈ ਸਰਬਜੀਤ ਸਿੰਘ ਜੀ ਦੀਆਂ ਕੁਝ ਹੋਰ ਕੈਸਟਾਂ ਵੀ ਮਾਰਕੀਟ ਵਿਚ ਆ ਚੁਕੀਆਂ ਹਨ ਪਰ ਕਲਕੱਤੇ ਵਿਚ ਅਜੇ ਉਪਲਬੱਧ ਨਹੀਂ ਹਨ । ਇਹ ਕੈਸਟ ਹਰ ਕੀਰਤਨ ਪ੍ਰੇਮੀ ਦੇ ਕੈਸਟ ਸੰਗ੍ਰਹਿ ਵਿੱਚ ਸ਼ਾਮਲ ਹੋਣੀ ਉਚਿਤ ਹੈ ।

# ਪੁਸਤਕ ਸਮੀਖਿਆ : ਕਿਵ ਸਚਿਆਰਾ ਹੋਈਐ"

ਡਾ. ਹਰਨੇਕ ਸਿੰਘ ਕਲੇਰ

ਲੇਖਕ : ਸਾਵਣ ਸਿੰਘ

ਪ੍ਰਕਾਸ਼ਕ : ਤਰਲੋਚਨ ਸਿੰਘ ਫਿਟ ਰਾਈਟ ਆਟੋ ਸਪੇਅਰਜ਼, 1335, ਪ੍ਰੀਤ ਨਗਰ, ਲੁਧਿਆਣਾ ।

ਸੰਪਾਦਕ : ਡਾ. ਹਾਕਮ ਸਿੰਘ

ਮੁੱਲ : ਮੁਫਤ ਪੰਨੇ : 98

ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਫਿਲਾਸਫੀ ਦਾ ਖਜ਼ਾਨਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁਖ ਜੀਵਨ ਦਾ ਪਥ-ਪ੍ਰਦਰਸ਼ਕ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਗਲ ਸੰਸਾਰਿਕ ਪ੍ਰਾਣੀਆਂ ਦੇ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਦਰਜ ਹਨ ਜੋ ਮਾਇਆ ਦੇ ਭੁਲਾਵੇ ਵਿਚ ਪਏ ਮਨ ਵਿੱਚ ਉਤਪੰਨ ਹੁੰਦੇ ਹਨ । *'ਕਿਵ ਸਚਿਆਰਾ ਹੋਈਐ'* ਪੁਸਤਕ ਕ੍ਰਿਤ ਸਾਵਣ ਸਿੰਘ ਵਿੱਚ ਅਜਿਹੀ ਪ੍ਰਸ਼ੋਨਤਰੀ ਦਾ ਹੀ ਵਿਵਰਣ ਹੈ । ਸਾਵਣ ਸਿੰਘ ਜੀ ਗੁਰਬਾਣੀ ਦੇ ਰਸੀਆ ਹਨ । ਆਪ ਨੇ ਪ੍ਰੋ: ਸਾਹਿਬ ਸਿੰਘ ਰਚਿਤ *'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ'* ਦਾ ਡੂੰਘਾ ਅਧਿਐਨ ਕਰਕੇ ਗੁਰਬਾਣੀ ਦੀਆਂ ਗਹਿਰਾਈਆਂ ਤੇ ਗੋਹੜਾਂ ਨੂੰ ਸਮਝਿਆ ਹੈ । ਇਸ ਲਈ ਅਨੁਭਵੀ ਲੇਖਕ ਨੇ ਇਹ ਪੁਸਤਕ ਪ੍ਰੋ: ਸਾਹਿਬ ਸਿੰਘ ਜੀ ਨੂੰ ਹੀ ਸਮਰਪਿਤ ਕੀਤੀ ਹੈ ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ *'ਖੋਜੀ ਉਪਜੈ ਵਾਦੀ ਬਿਨਸੈ'* ਮਹਾਂਵਾਕ ਬੋਲ ਕੇ ਖੋਜ ਦਾ ਮਹੱਤਵ ਵਧਾਇਆ ਹੈ । ਇਸ ਲਈ ਖੋਜੀ ਵਿਦਵਾਨਾਂ ਨੇ ਆਪਣੀ ਆਪਣੀ ਸਮਰਥਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਲੌਕਿਕ, ਪ੍ਰਾਲੌਕਿਕ ਗੋਹਝਾਂ ਨੂੰ ਜਨ-ਸਧਾਰਨ ਹਿਤ ਸਰਲਤਾ ਸਹਿਤ ਪੇਸ਼ ਕੀਤਾ ਹੈ । ਇਸ ਕ੍ਰਿਤ ਲਈ ਆਪਣੀ ਖੋਜੀ ਬਿਰਤੀ ਨਾਲ ਸਾਵਣ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਿਭਿੰਨ ਸ਼ਬਦਾਂ ਦੀਆਂ ਪ੍ਰਸ਼ਨੋਤਰੀ ਸਰੂਪ ਇੱਕ ਸੌ ਸਤਾਨਵੇਂ ਤੁਕਾਂ ਚੁਣੀਆਂ ਹਨ । ਇਸ ਧੁਰ ਦੀ ਬਾਣੀ ਵਿਚ ਗੁਰੂ ਸਾਹਿਬਾਨ ਨੇ ਸਾਧਕਾਂ ਦੇ ਮਨਾਂ ਵਿੱਚ ਉਤਪੰਨ ਸੰਕਲਪਾਂ ਤੇ ਗੁੰਝਲਾਂ ਨੂੰ ਪ੍ਰਸ਼ਨ ਰੂਪ ਦੇ ਕੇ ਨਾਲ ਲਗਦੀ ਤੁਕ ਵਿੱਚ ਉਸ ਪ੍ਰਸ਼ਨ ਦਾ ਉੱਤਰ ਵੀ ਦਰਜ ਕਰ ਦਿੱਤਾ ਹੈ । ਇਉਂ ਗੁਰੂ ਸਾਹਿਬਾਨ ਨੇ ਸਹਿਜ ਹੀ ਕਿਸੇ ਗਹਿਰੇ ਰਹਸ ਤੋਂ ਪਰਦਾ ਉਠਾ ਕੇ ਸਾਧਕਾਂ ਦੇ ਮਨ ਵਿਚਲੇ ਸ਼ੰਕੇ ਨਿਵਾਰ ਦਿੱਤੇ ਹਨ । ਗੁਰਬਾਣੀ ਦੇ ਅਜਿਹੇ ਅਨੇਕਾਂ ਹੀ ਸ਼ਬਦ ਹਨ ਜਿਨ੍ਹਾਂ ਰਾਹੀਂ ਗੁਰੂ ਸਾਹਿਬਾਨ ਨੇ ਸ੍ਰਿਸ਼ਟੀ ਦੇ ਭੇਦਾਂ ਤੋਂ ਪਰਦਾ ਹਟਾਉਂਦਿਆਂ ਮਾਨਵ ਨੂੰ ਪ੍ਰਭੂ ਦੇ ਅਨੰਤ ਸਵਰੂਪ ਦੇ ਦਰਸ਼ਨ ਕਰਵਾਏ ਹਨ । ਇਹ ਸੰਕਲਪ ਸਹਿਜ ਹੀ ਗੁਰਮੁਖ ਨੂੰ ਗੁਰਮਤਿ ਅਨੁਸਾਰ ਜੀਵਨ ਜਿਉਂਣ ਦੀ ਸਿੱਖਿਆ ਵੀ ਪ੍ਰਦਾਨ ਕਰਦੇ ਹਨ ।

ਮਨ ਚੰਚਲ ਹੈ । ਮਾਨਵ ਜਿਗਿਆਸੂ ਹੈ । ਉਸਦਾ ਮਨ ਸ਼ੰਕਾਵਾਂ ਨਾਲ ਭਰਪੂਰ ਹੈ ਪਰੰਤੂ ਉਹ ਪ੍ਰਭੂ ਨੂੰ ਪਾਉਣਾ ਲੋਚਦਾ ਹੈ । ਪ੍ਰਭੂ ਨਾਲ ਮਿਲਾਪ ਚਾਹੁੰਦਾ ਹੈ । ਜਗਿਆਸੂਆਂ ਦੇ ਮਨ ਵਿੱਚ ਸਦਾ ਇਹ ਪ੍ਰਸ਼ਨ ਬਣਿਆ ਰਹਿੰਦਾ ਹੈ ਕਿ ਬ੍ਰਹਮ ਦੀ ਪ੍ਰਾਪਤੀ ਕਿਵੇਂ ਸੰਭਵ ਹੋਵੇ ? ਜਪੁਜੀ ਸਾਹਿਬ ਵਿੱਚ ਪ੍ਰਸ਼ਨ ਹੈ :

*"ਕਿਵ ਸਚਿਆਰਾ ਹੋਈਐ ਕਿਵ ਕੂੜੇ ਟੁਟੈ ਪਾਲਿ "*

ਭਾਵ, ਸਾਧਕ ਕੂੜ ਦੀ ਕੰਧ ਤੋੜ ਕੇ ਸੱਚੇ ਬ੍ਰਹਮ ਨੂੰ ਕਿਵੇਂ ਮਿਲ ਸਕਦੇ ਹਨ ? ਗੁਰੂ ਨਾਨਕ ਸਾਹਿਬ ਨੇ ਇਹ ਮਹੱਤਵਪੂਰਨ ਪ੍ਰਸ਼ਨ ਉਠਾਉਂਦਿਆਂ ਉੱਤਰ ਵੀ ਪੇਸ਼ ਕਰ ਦਿੱਤਾ ਹੈ :

*"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ"*

ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਪ੍ਰਭੂ-ਪਰਮਾਤਮਾ ਦੀ ਰਜ਼ਾ ਵਿੱਚ ਰਹਿਣ ਨਾਲ ਹੀ ਇਹ ਝੂਠ ਦੀ ਕੰਧ ਤੋੜ ਕੇ ਪ੍ਰਭੂ ਦੇ ਦੀਦਾਰੇ ਸੰਭਵ ਹਨ । ਇੰਞ ਹੀ ਸ਼ਿਰੋਮਣੀ ਸੰਤ ਰਵਿਦਾਸ ਨੇ ਆਪਣੀ ਬਾਣੀ ਵਿਚ ਆਉਂਦੀ ਪ੍ਰਸ਼ਨੋਤਰੀ ਰਾਹੀਂ ਪ੍ਰਭੂ ਅਤੇ ਪ੍ਰਭੂ ਦੀ ਰਚਨਾ ਦਾ ਭੇਦ ਸਹਿਜ ਹੀ ਸਮਝਾ ਦਿੱਤਾ ਹੈ । ਪ੍ਰਸ਼ਨ ਹੈ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥

ਭਾਵ ਹੈ, ਹੇ ਪ੍ਰਭੂ ! ਤੇਰੇ ਤੇ ਮੇਰੇ, ਮੇਰੇ ਤੇ ਤੇਰੇ ਵਿੱਚ ਕੀ ਫਰਕ ਹੈ ? ਭਗਤ ਰਵਿਦਾਸ ਜੀ ਨੇ ਇਸ ਮਹੱਤਵਪੂਰਨ ਪ੍ਰਸ਼ਨ ਦਾ ਉੱਤਰ ਕਿਤਨਾ, ਸਰਲ ਸੰਖੇਪ ਤੇ ਸਹਿਜ ਦਿੱਤਾ ਹੈ ।

*ਕਨਕ ਕਟਿਕ ਜਲ ਤਰੰਗ ਜੈਸਾ ॥*

ਭਗਤ ਜੀ ਸਪੱਸ਼ਟ ਕਰਦੇ ਹਨ ਕਿ ਪ੍ਰਭੂ ਤੇ ਪ੍ਰਭੂ ਦੀ ਸਿਰਜਣਾ ਵਿੱਚ ਇਹ ਫਰਕ ਸੋਨਾ ਤੇ ਸੋਨੇ ਤੋਂ ਬਣੀ ਹੋਈ ਵਸਤੂ ਜਾਂ ਪਾਣੀ ਤੇ ਪਾਣੀ ਵਿੱਚੋਂ ਉੱਠਦੀਆਂ ਹੋਈਆਂ ਲਹਿਰਾਂ ਸਮਾਨ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਸਿਧ ਗੋਸਟਿ' ਸਿਧਾਂ ਨਾਲ ਹੋਈ ਵਾਰਤਾਲਾਪ, ਸੰਪੂਰਨ ਪ੍ਰਸ਼ਨੋਤਰੀ ਸਵਰੂਪ ਹੈ । ਸਿਧਾਂ ਨੇ ਆਪਣੇ ਸੰਸਿਆਂ ਤੇ ਸੰਕਲਪਾਂ ਦੇ ਨਿਵਾਰਣ ਲਈ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕੀਤੇ ਤੇ ਗੁਰੂ ਸਾਹਿਬ ਨੇ ਗੁਰਬਾਣੀ ਸ਼ਬਦਾਂ ਰਾਹੀਂ ਉੱਤਰ ਦਿੱਤੇ । ਇਉਂ ਗੁਰੂ ਸਾਹਿਬ ਨੇ ਸਿਧਾਂ ਦੇ ਮਨ ਵਿਚ ਪਈਆਂ ਗੁੰਝਲਾਂ ਨੂੰ ਸਹਿਜਤਾ ਨਾਲ ਸੁਲਝਾਇਆ ਹੈ । ਉਦਾਹਰਨ ਵਤ ਪ੍ਰਸ਼ਨ ਹੈ :

*"ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥*
*ਕਵਣਿ ਸਿ ਰੁਤੀ ਮਾਹੁ ਕਵਣ ਜਿਤੁ ਹੋਆ ਆਕਾਰ ॥"*

ਸਿੱਧ ਗੁਰੂ ਸਾਹਿਬ ਤੋਂ ਪੁੱਛਦੇ ਹਨ ਕਿ ਉਹ ਕਿਹੜਾ ਸਮਾਂ, ਵਕਤ ਤੇ ਕਿਹੜਾ ਦਿਨ ਸੀ ? ਉਹ ਕਿਹੜੀ ਰੁਤ ਤੇ ਮਹੀਨਾ ਸੀ ਜਦੋਂ ਪ੍ਰਭੂ ਨੇ ਇਸ ਸੰਸਾਰ ਦੀ ਰਚਨਾ ਕੀਤੀ ?

*"ਥਿਤਿ ਵਾਰ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੇ ਸੋਈ ॥"*

ਗੁਰੂ ਨਾਨਕ ਦੇਵ ਜੀ ਸਹਿਜ ਭਾਅ ਉੱਤਰ ਦਿੰਦੇ ਹਨ ਕਿ ਇਸ ਸੰਸਾਰ ਦੀ ਰਚਨਾ ਬਾਰੇ ਸਿਰਫ ਸ੍ਰਿਸ਼ਟੀ ਦੀ ਸਾਜਨਾ ਕਰਨ ਵਾਲਾ 'ਕਰਤਾ' ਹੀ ਜਾਣਦਾ ਹੈ ਕਿ ਕਦੋਂ, ਕਿਸ ਵੇਲੇ ਇਸ ਸੰਸਾਰ ਦੀ ਰਚਨਾ ਹੋਈ ।

ਸਾਵਣ ਸਿੰਘ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਪ੍ਰਸ਼ਨੋਤਰੀ ਵਾਲੇ ਸ਼ਬਦ ਲੱਭ ਕੇ ਪੁਸਤਕ ਰੂਪ ਵਿੱਚ ਸੰਗ੍ਰਹਿ ਕਰਨ ਦਾ ਮੰਤਵ, ਆਮ ਜਨ ਸਧਾਰਨ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਾਨਵ ਕਲਿਆਣਕਾਰੀ ਰਹਸ ਅਨੁਭੂਤੀ ਤੋਂ ਜਾਣੂ ਕਰਵਾਉਣਾ ਹੈ । ਲੇਖਕ ਨੇ ਇਹ ਕਾਰਜ ਆਪਣੀ ਕ੍ਰਿਤ ਨੂੰ ਛੇ ਭਾਗਾਂ ਵਿੱਚ ਵੰਡ ਕੇ ਸਫਲਤਾ ਸਹਿਤ ਸੰਪੰਨ ਕੀਤਾ ਹੈ । ਪੁਸਤਕ ਹਰ ਸੋਚ ਦੇ ਗੁਰਬਾਣੀ ਰਸੀਆਂ ਲਈ ਉਪਯੋਗੀ ਹੈ । ਸੰਪੂਰਨ ਪੁਸਤਕ ਦਾ ਨਾਲੋ ਨਾਲ ਅੰਗਰੇਜ਼ੀ ਪਾਠ ਪੁਸਤਕ ਨੂੰ ਹੋਰ ਵੀ ਮਹੱਤਵਪੂਰਨ ਬਣਾਉਂਦਾ ਹੈ । ਹਰ ਗੁਰਮੁਖ ਇਸ ਅਮੁਲ ਪ੍ਰਸ਼ਨੋਤਰੀ ਦੇ ਭੇਦਾਂ ਦਾ ਸਰਲ ਖੁਲਾਸਾ ਪੜ੍ਹਨ ਲਈ ਪੁਸਤਕ ਤੋਂ ਭਰਪੂਰ ਲਾਭ ਉਠਾ ਸਕਦਾ ਹੈ । ਇਹ ਖੁਸ਼ਖਬਰੀ ਵੀ ਹੈ ਕਿ ਇਹ ਪੁਸਤਕ ਪ੍ਰਕਾਸ਼ਕ ਤੋਂ ਮੁਫਤ ਪ੍ਰਾਪਤ ਕੀਤੀ ਜਾ ਸਕਦੀ ਹੈ ।

## ਚੰਗੀ ਪੁਸਤਕ ਪੜ੍ਹਨ ਸਮੇਂ ਦੀ ਅਰਦਾਸ

ਹੇ ਵਾਹਿਗੁਰੂ ਜੀ !

ਜਦੋਂ ਮੈਂ ਇਸ ਉੱਤਮ ਪੁਸਤਕ ਨੂੰ ਪੜ੍ਹਨ ਲਈ ਖੋਲ੍ਹਦਾ ਹਾਂ ਤਾਂ ਮੇਰਾ ਮਸਤਕ ਉਹਨਾਂ ਸਾਰੇ ਉਚੇ ਵਿਚਾਰਾਂ ਤੇ ਭਾਵਾਂ ਅੱਗੇ ਝੁਕ ਜਾਂਦਾ ਹੈ ਜੋ ਸੰਸਾਰ ਵਿੱਚ ਮਨੁੱਖੀ ਮਨ ਨੇ ਪੈਦਾ ਕੀਤੇ ਤੇ ਅਜਿਹੀਆਂ ਪੁਸਤਕਾਂ ਵਿੱਚ ਅੰਕਿਤ ਹੋਏ ।

ਇਹਨਾਂ ਪੁਸਤਕਾਂ ਦਾ ਰਿਣ ਅਸੀਂ ਕਿਵੇਂ ਚੁਕਾਂਵਾਂਗੇ ਜਿਨ੍ਹਾਂ ਸਦਕਾ ਸਾਨੂੰ ਮਹਾਨ ਚਿੰਤਕਾਂ ਤੇ ਪਹੁੰਚੇ ਹੋਏ ਪੁਰਖਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ ? ਹੇ, ਵਾਹਿਗੁਰੂ ਜੀ ! ਤੁਹਾਡਾ ਕਰਮ ਹੋਵੇ ਕਿ ਇਹਨਾਂ ਪੁਸਤਕਾਂ ਨੂੰ ਪੜ੍ਹਦਿਆਂ ਸੱਚ ਤੇ ਸੁੰਦਰਤਾ ਸਾਡੇ ਹਿਰਦਿਆਂ ਦੀ ਝੋਲੀ ਪਵੇ ਤੇ ਸਾਡੇ ਆਚਰਣ ਵਿੱਚ ਇਹ ਗੁਣ ਸੰਜੋਏ ਜਾਣ ।

ਵਾਹਿਗੁਰੂ ਜੀ, ਇਹ ਪੁਸਤਕ ਇੱਕ ਚੰਗੇ ਮਿੱਤਰ ਵਾਂਗ ਹੈ । ਮਨ ਲੋਚਦਾ ਹੈ ਕਿ ਜਿਵੇਂ ਮੈਂ ਆਪਣੇ ਸੁਹਿਰਦ ਤੇ ਚੰਗੇ ਮਿੱਤਰ ਦਾ ਆਦਰ ਕਰਦਾ ਹਾਂ, ਉਸਦੀ ਪ੍ਰਸ਼ੰਸਾ ਕਰਦਾ ਹਾਂ ਤਿਵੇਂ ਇਸ ਪੁਸਤਕ ਦੀ ਵੀ ਕਰਾਂ ।

ਹੇ, ਵਾਹਿਗੁਰੂ ਜੀ ! ਇੱਕ ਲੋਚਾ ਅੰਦਰੋਂ ਉਠਦੀ ਹੈ ਕਿ ਜਦੋਂ ਵੀ ਵਿਹਲ ਮਿਲੇ ਕੁਝ ਪੜ੍ਹੀਏ ਤੇ ਜਦੋਂ ਪੜ੍ਹੀਏ ਅਜਿਹੀਆਂ ਪੁਸਤਕਾਂ ਪੜ੍ਹੀਏ ਜਿਹਨਾਂ ਸਦਕਾ ਸਾਡੇ ਹਿਰਦੇ ਪ੍ਰਕਾਸ਼ਵਾਨ ਹੋਣ, ਮਨ ਉਚਿਆਏ ਜਾਣ ਤੇ ਆਤਮਾ ਬਲਵਾਨ ਬਣੇ ।

ਵਾਹਿਗੁਰੂ ਜੀਓ, ਇਸ ਜੀਵਨ ਵਿੱਚ ਜੋ ਕੁਝ ਵੀ ਚੰਗਾ ਪ੍ਰਾਪਤ ਹੋ ਰਿਹਾ ਹੈ ਉਸ ਲਈ ਸਾਡਾ ਰੋਮ ਰੋਮ ਰਿਣੀ ਹੈ ਤੇ ਇੱਕ ਹੂਕ ਅੰਦਰੋਂ ਨਿਕਲਦੀ ਹੈ ਕਿ ਤੁਹਾਡੀ ਮਿਹਰ ਹੋਵੇ ਤੇ ਅਸੀਂ ਇਸ ਸਾਰੇ ਕੁਝ ਦੇ ਅਧਿਕਾਰੀ ਵੀ ਬਣ ਸਕੀਏ ।

## ਕੀਰਤਨ ਮਹਿਮਾ

ਸੰਤਾ ਸਿੰਘ ਆਜਿਜ਼

*ਜੀਵਨ ਦਾ ਜੇ ਲਾਹਾ ਲੈਣਾ,*
*'ਅੰਮ੍ਰਿਤ ਕੀਰਤਨ' ਪੜ੍ਹਿਆ ਕਰ ।*
*ਇਹ ਕੀਰਤਨ ਦਾ ਰੱਤੜਾ ਚੋਲਾ,*
*ਚੋਲੇ ਦਾ ਲੜ ਫੜਿਆ ਕਰ ।*
*ਕੀਰਤਨ ਕਰਨਾ, ਕੀਰਤਨ ਸੁਣਨਾ,*
*ਗੁਰਸਿੱਖਾਂ ਦਾ ਜੀਵਨ ਹੈ ।*
*ਕੀਰਤਨ ਦੀਵਾਨਾਂ ਵਿੱਚ ਨਿਵ ਨਿਵ,*
*ਉਠਿਆ, ਬੈਠਿਆ, ਖੜਿਆ ਕਰ ।*
*ਕੀਰਤਨ ਮਨ ਦੀ ਤਪਸ਼ ਮਿਟਾਂਦਾ,*
*ਠੰਡ ਵਰਤਾਂਦਾ, ਮਨ ਨਸ਼ਿਆਂਦਾ ।*
*ਤਜ ਸਵਰਗਾਂ ਦਾ ਨਾਦ ਅਨਾਹਦ,*
*ਨਰਕਾਂ ਵਿੱਚ ਨਾ ਸੜਿਆ ਕਰ ।*
*ਕੀਰਤਨ ਹਉਮੈਂ ਦਾ ਗੜ੍ਹ ਤੋੜੇ,*
*ਪਲ ਵਿੱਚ ਪ੍ਰਭੂ ਚਰਨਾਂ ਨਾਲ ਜੋੜੇ ।*
*ਕੀਰਤਨ ਦਾ ਅਸਥਾਨ ਉਚੇਰਾ,*
*ਪਉੜੀ ਪਉੜੀ ਚੜ੍ਹਿਆ ਕਰ ।*
*ਜੱਗ ਵਿੱਚ ਜੇਕਰ ਖੁਸ਼ ਖੁਸ਼ ਰਹਿਣਾ,*
*ਘੜ ਬੰਦਿਆ ਕੀਰਤਨ ਦਾ ਗਹਿਣਾ ।*
*ਮਨ ਮੰਦਰ ਦੀ ਚੌਖਟ ਦੇ ਵਿੱਚ,*
*'ਨਾਮ' ਨਗੀਨਾ ਜੜਿਆ ਕਰ ।*

# ਢਾਡੀ ਜਗਤ ਦਾ ਮਾਣ-ਗਿਆਨੀ ਤਰਲੋਚਨ ਸਿੰਘ 'ਭਮੱਦੀ'

ਸਿੱਖ ਧਰਮ ਦੇ ਪ੍ਰਚਾਰ ਸਾਧਨਾਂ ਵਿਚ ਢਾਡੀਆਂ ਦਾ ਅਹਿਮ ਸਥਾਨ ਹੈ । ਸਮੇਂ ਦੀ ਗਰਦਿਸ਼ ਵਿਚ ਢਾਡੀ ਰਾਗ ਦੇ ਅਲੋਪ ਜਾਣ ਦਾ ਖਦਸ਼ਾ ਵੀ ਇਕ ਸਮੇਂ ਮਹਿਸੂਸ ਕੀਤਾ ਗਿਆ । ਪਰ ਪਿਛਲੇ ਦਹਾਕਿਆਂ ਦੌਰਾਨ ਚੱਲੀ ਸਿੱਖ ਲਹਿਰ ਨੇ ਢਾਡੀਆਂ ਨੂੰ ਫਿਰ ਸਥਾਪਤੀ ਦੇ ਰਾਹ ਪਾ ਕੇ ਪੱਕੇ ਪੈਰੀਂ ਖੜ੍ਹਾ ਕਰ ਦਿੱਤਾ । ਪੰਜਾਹਵਿਆਂ ਦੀ ਪੀੜ੍ਹੀ ਤੋਂ ਬਾਅਦ ਕੁਝ ਨੌਜਵਾਨ ਢਾਡੀ ਜਥੇ ਹੋਂਦ ਵਿਚ ਆਏ ਜਿਨ੍ਹਾਂ ਵਿਚੋਂ ਗਿ: ਤਰਲੋਚਨ ਸਿੰਘ 'ਭਮੱਦੀ' ਦੇ ਢਾਡੀ ਜਥੇ ਦਾ ਨਾਮ ਉੱਪਰਲੀ ਕਤਾਰ ਵਿੱਚ ਆਉਂਦਾ ਹੈ । ਪਿੰਡ ਭਮੱਦੀ ਤਹਿਸੀਲ ਖੰਨਾ ਵਿਚ ਗਿ: ਤਰਲੋਚਨ ਸਿੰਘ 'ਭਮੱਦੀ' ਦਾ ਜਨਮ ਸਰਟੀਫਿਕੇਟ ਮੁਤਾਬਿਕ 5-7-1957 ਦਾ ਹੈ । ਸਵਰਗਵਾਸੀ ਮਾਤਾ ਰਜਿੰਦਰ ਕੌਰ ਦੀ ਕੁੱਖੋਂ ਜਨਮੇ ਤਰਲੋਚਨ ਸਿੰਘ ਭਮੱਦੀ ਦੇ ਪਿਤਾ ਦਾ ਨਾਮ ਸ: ਜਰਨੈਲ ਸਿੰਘ ਹੈ । ਚਾਰ ਭੈਣਾਂ ਦਾ ਇਕਲੌਤਾ ਭਰਾ 'ਭਮੱਦੀ' ਪਿਛਲੇ ਸਾਲਾਂ ਵਿਚ ਆਪਣੇ ਛੋਟੇ ਭਰਾ ਮਨਜੀਤ ਸਿੰਘ ਦੀ ਬੇਵਕਤ ਮੌਤ ਦਾ ਦਰਦ ਹੰਢਾ ਚੁੱਕਾ ਹੈ । ਭਾਵੇਂ ਤਰਲੋਚਨ ਸਿੰਘ ਭਮੱਦੀ ਨੂੰ ਢਾਡੀ ਬਣਿਆਂ ਕੇਵਲ ਸੱਤ ਸਾਲ ਹੀ ਹੋਏ ਹਨ ਪਰ ਅੱਜ ਕੱਲ੍ਹ 'ਭਮੱਦੀ' ਦੀ ਗਿਣਤੀ ਪੰਜਾਬ ਦੇ ਚੋਟੀ ਦੇ ਢਾਡੀਆਂ ਵਿਚ ਹੁੰਦੀ ਹੈ । ਮਿਲਾਪੜੇ ਸੁਭਾਅ ਦੇ 'ਭਮੱਦੀ' ਨੂੰ ਮਿਲਣ ਤੋਂ ਬਾਅਦ ਬੰਦੇ ਨੂੰ ਇਉਂ ਲਗਦਾ ਹੈ ਜਿਵੇਂ ਉਹ ਫੁੱਲਾਂ ਦੀ ਸੇਜ ਤੋਂ ਉਠਿਆ ਹੋਵੇ । ਸਾਦੀ ਰਹਿਣੀ ਬਹਿਣੀ ਵਿਚ ਤਰਲੋਚਨ ਸਿੰਘ 'ਭਮੱਦੀ' ਉਚੇ ਖਿਆਲਾਂ ਵਾਲਾ ਵਿਦਵਾਨ ਹੈ । ਧਰਮ ਵਰਗੇ ਗੰਭੀਰ ਅਤੇ ਰੂਹਾਨੀ ਵਿਸ਼ੇ ਦੀ ਭਮੱਦੀ ਨੂੰ ਵਿਸ਼ਾਲ ਜਾਣਕਾਰੀ ਹੈ । ਕਹਿਣੀ ਦੇ ਨਾਲ ਨਾਲ ਕਰਨੀ ਵੀ 'ਭਮੱਦੀ' ਦੇ ਜੀਵਨ ਦੀ ਵਿਸ਼ੇਸ਼ ਪ੍ਰਾਪਤੀ ਹੈ । ਕਿਸੇ ਦਾ ਸਤਿਕਾਰ ਕਰਨਾ ਕੋਈ 'ਭਮੱਦੀ' ਕੋਲੋਂ ਸਿੱਖੇ । ਨਿਮਰਤਾ 'ਭਮੱਦੀ' ਦੀ ਕਾਬਿਲੇ-ਏ-ਤਾਰੀਫ ਹੈ । ਥੋੜ੍ਹੇ ਜਿਹੇ ਸਮੇਂ ਵਿਚ ਐਨੀ ਪ੍ਰਾਪਤੀ ਦੇ ਸਵਾਲ ਵਿਚ ਤਰਲੋਚਨ ਸਿੰਘ 'ਭਮੱਦੀ' ਦਾ ਜਵਾਬ ਅਕਾਲ ਪੁਰਖ ਦੀ ਬਖਸ਼ਿਸ਼ ਹੁੰਦੀ ਹੈ । 'ਭਮੱਦੀ' ਆਖਦਾ ਹੈ *"ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ॥"*

ਆਡੀਓ-ਕੈਸਿਟਾਂ ਦੇ ਯੁਗ ਵਿੱਚ ਭਮੱਦੀ ਨੇ ਹੁਣ ਤੱਕ 18 ਆਡੀਓ-ਕੈਸਟਾਂ ਰਿਕਾਰਡ ਕਰਵਾਈਆਂ ਹਨ । ਸੀ ਟੀ ਸੀ ਲੁਧਿਆਣਾ ਵਰਗੀ ਸਥਾਪਤ ਕੰਪਨੀ ਵਿਚ 'ਭਮੱਦੀ' ਦੀਆਂ *"ਫਿਰ ਉਠੂ ਤਲਵਾਰ"*, *"ਗਦਰੀ ਯੋਧੇ"*, *"ਅਣਖ ਸਿੰਘਾਂ ਦੀ"*, *"ਮਿੱਠੀ ਯਾਦ ਗੁਰਾਂ ਦੀ"* ਸਫਲਤਾ ਪੂਰਬਕ ਚੱਲੀਆਂ ਤੇ ਹੁਣ ਵੀ ਚੱਲ ਰਹੀਆਂ ਹਨ । *"ਯੋਧਿਆਂ ਦੀ ਖਾਣ"* ਕੈਸਟ ਰਿਕਾਰਡ ਗਿਣਤੀ ਵਿਚ ਦੇਸ਼ਾਂ ਵਿਦੇਸ਼ਾਂ ਵਿਚ ਵਿਕੀ । *"ਮਾਤਾ ਜੀਤੋ ਜੀ"*, *"ਮੁਕਾਬਲਾ ਦਰਬਾਰ ਸਾਹਿਬ"*, *"ਸਿਦਕੀ ਸਿੰਘਣੀਆਂ"*, *"ਕਿੱਥੇ ਹੈ ਪੰਥ ਖਾਲਸਾ"*, *"ਅਣਖੀ ਯੋਧੇ"* ਅਤੇ *"ਦਲੇਰ ਸਿੰਘਣੀ ਹਰਸ਼ਰਨ ਕੌਰ"* ਹੋਰ ਜ਼ਿਕਰ ਯੋਗ ਕੈਸਟਾਂ ਹਨ । ਤਰਲੋਚਨ ਸਿੰਘ 'ਭਮੱਦੀ' ਸਟੇਜ ਤੇ ਖਲੋ ਕੇ ਬੰਦੇ ਨੂੰ ਕੀਲਣ ਦੀ ਸਮਰੱਥਾ ਰੱਖਦਾ ਹੈ । ਦਾਅਵੇ ਵਰਗਾ ਸੱਚ ਹੈ ਕਿ ਇਕ ਵਾਰ ਸਰੋਤਾ ਬਣ ਕੇ ਬੈਠਾ ਬੰਦਾ ਸਮਾਪਤੀ ਤੱਕ ਉੱਠ ਕੇ ਜਾ ਹੀ ਨਹੀਂ ਸਕਦਾ । ਵਿਸਥਾਰਤ ਪੰਜਾਬੀ ਸ਼ਬਦਾਵਲੀ ਭਮੱਦੀ ਦੀ ਨਿਵੇਕਲੀ ਪ੍ਰਾਪਤੀ ਹੈ । ਢੁੱਕਵੀਆਂ ਤਸ਼ਬੀਹਾਂ ਅਤੇ ਮੁਹਾਵਰੇ ਉਹਦੇ ਲੈਕਚਰ ਦੀ ਵੱਖਰੀ ਸ਼ੈਲੀ ਦਾ ਪ੍ਰਤੀਕ ਹਨ । ਢਾਡੀ ਵਰਗ ਵਿਚ ਭਮੱਦੀ ਦਾ ਬੜਾ ਮਾਣ ਹੈ । ਯੂਥ ਵਿੰਗ ਢਾਡੀ ਸਭਾ ਦਾ ਤਰਲੋਚਨ ਸਿੰਘ ਭਮੱਦੀ ਪ੍ਰਧਾਨ ਰਹਿ ਚੁੱਕਾ ਹੈ । ਉਸਦੇ ਨਾਲ ਇਸ ਵਿੰਗ ਦਾ ਸਕੱਤਰ ਗੁਰਬਖਸ਼ ਸਿੰਘ ਅਲਬੇਲਾ ਸੀ । ਪਿੰਡ ਭਮੱਦੀ ਦੀ ਸਰਦਾਰ ਸਪੋਰਟਸ ਕਲੱਬ ਦਾ ਤਰਲੋਚਨ ਸਿੰਘ ਭਮੱਦੀ ਦਸ ਸਾਲ ਸਕੱਤਰ ਰਿਹਾ, ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ।

ਪਿੰਡ ਭਮੱਦੀ ਵਿੱਚ ਤਰਲੋਚਨ ਸਿੰਘ ਭਮੱਦੀ ਦਾ ਵਿਸ਼ੇਸ਼ ਤੇ ਨਿਵੇਕਲਾ ਸਥਾਨ ਹੈ । ਪਿੰਡ ਦੀ ਹੀ ਕੋਆਪਰੇਟਿਵ ਐਗਰੀਕਲਚਰ ਸਰਵਿਸ ਸੋਸਾਇਟੀ ਵਿਚ ਭਮੱਦੀ ਕੈਸ਼ੀਅਰ/ਸੇਲਜ਼ਮੈਨ ਖਾਦ ਦੀ ਡਿਊਟੀ ਕਰਦਾ ਹੈ । ਮਹਿਕਮਾਂ ਕੋਆਪਰੇਟਿਵ ਦੇ ਅਧਿਕਾਰੀਆਂ ਦਾ ਭਮੱਦੀ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਅਤੇ ਪ੍ਰੇਰਨਾ ਸਦਕਾ ਉਹ ਅੱਜ ਦੇ ਸਨਮਾਨਯੋਗ ਰੁਤਬੇ ਨੂੰ ਪ੍ਰਾਪਤ ਕਰ ਸਕਿਆ ਹੈ । ਆਪਣੇ ਸੀਨੀਅਰ ਕੁਲੀਗ ਸਾਥੀ ਜੋਗਾ ਸਿੰਘ ਸਕੱਤਰ ਦਾ ਉਹ ਆਪਣੀ ਤਰੱਕੀ ਵਿਚ ਵਿਸ਼ੇਸ਼ ਰੋਲ ਸਵੀਕਾਰਦਾ ਹੈ । ਦੋ ਲੜਕੀਆਂ ਅਤੇ ਇਕ ਲੜਕੇ ਦਾ ਬਾਪ ਤਰਲੋਚਨ ਸਿੰਘ ਭਮੱਦੀ ਆਪਣੀ ਪਤਨੀ ਕੁਲਦੀਪ ਕੌਰ ਨਾਲ ਵਧੀਆ ਜ਼ਿੰਦਗੀ ਜਿਉਂ ਰਿਹਾ ਹੈ । ਅੱਜ ਕੱਲ੍ਹ ਕੈਨੇਡਾ ਦਾ ਟੂਰ ਕਰ ਰਹੇ ਭਮੱਦੀ ਦਾ ਵਰਤਮਾਨ ਸਾਥੀ ਢਾਡੀ ਦਰਸ਼ਨ ਸਿੰਘ 'ਬੱਲ' ਭਮੱਦੀ ਦੇ ਜਥੇ ਦੀ ਸ਼ੋਹਰਤ ਦੀ ਮੁੰਦਰੀ ਦਾ ਨਗੀਨਾ ਹੈ । ਚੋਟੀ ਦਾ ਕੀਰਤਨੀਆ ਦਰਸ਼ਨ ਸਿੰਘ 'ਬੱਲ' ਆਪਣੀ ਅਲਹਿਦਾ ਪਛਾਣ ਬਣਾਉਣ ਵਿਚ ਕਾਮਯਾਬੀ ਹਾਸਲ ਕਰ ਚੁੱਕਾ ਹੈ । ਖੱਬੇ ਹੱਥ ਨਾਲ ਢੱਡ ਵਜਾਉਣ ਵਾਲਾ ਦਰਸ਼ਨ ਸਿੰਘ 'ਬੱਲ' ਗਾ ਕੇ ਉੱਡਦੇ ਪੰਛੀ ਲਾਹੁਣ ਦੀ ਸਮਰੱਥਾ ਰੱਖਦਾ ਹੈ । ਲੁਧਿਆਣਾ ਲਾਗੇ ਪਿੰਡ ਮੁੱਲਾਂਪੁਰ ਦਾਖਾ ਦੀ ਮੰਡੀ ਮੁੱਲਾਂਪੁਰ ਵਿਚ ਰੇਲਵੇ ਸਟੇਸ਼ਨ ਲਾਗੇ ਰਹਿ ਰਿਹਾ ਹੈ । ਸਾਰੰਗੀ ਮਾਸਟਰ ਚਮਕੌਰ ਸਿੰਘ ਜਲਾਲਾਬਾਦੀ ਨਿੱਕੇ ਜਿਹੇ ਕੱਦ ਦਾ ਹੈ ਪਰ ਕਮਾਲ ਦਾ ਸਾਜ਼ੀ ਹੈ । ਕਮਾਲ ਦੇ ਪੋਟੇ ਲਾਉਣ ਵਾਲਾ ਚਮਕੌਰ ਗਾਉਣ ਵਿਚ ਵੀ ਆਪਣੀ ਵੱਖਰੀ ਦਿੱਖ ਬਣਾ ਕੇ ਰੱਖਦਾ ਹੈ । ਰਿਹਾਇਸ਼ ਦਰਸ਼ਨ ਸਿੰਘ 'ਬੱਲ' ਦੇ ਕੋਲ ਹੀ ਹੈ । ਬਿਲਕੁਲ ਗਵਾਂਢੀ । ਤੀਜਾ ਢਾਡੀ ਸਾਥੀ ਗੁਰਭੇਜ ਸਿੰਘ ਮਾਨ ਪਿੰਡ ਚੌਕੀਮਾਨ ਨਾਲ ਸਬੰਧਤ ਹੈ । ਖਾਨਦਾਨੀ ਕਲਾਕਾਰ ਹੈ । ਗਾਉਣ ਦੀ ਗੁੜ੍ਹਤੀ ਆਪਣੇ ਪਿਤਾ ਸੁਰਿੰਦਰ ਪਾਲ ਸਿੰਘ ਮਾਨ ਤੋਂ ਲੈ ਕੇ ਅੱਜ ਆਪਣਾ ਨਿਵੇਕਲਾ ਪ੍ਰਭਾਵ ਪਾ ਰਿਹਾ ਹੈ । ਭਮੱਦੀ ਦੇ ਰਹਿ ਚੁੱਕੇ ਸਾਥੀਆਂ ਵਿਚ ਕੁਲਵਿੰਦਰ ਸਿੰਘ ਘੁੰਮਣ ਸਾਰੰਗੀ ਮਾਸਟਰ, ਮਾਸਟਰ ਸੁਰਿੰਦਰ ਪਾਲ ਸਿੰਘ ਮਾਨ, ਸੁੱਖਨਰੰਜਣ ਸਿੰਘ ਸੁੰਮਣ, ਤੀਰਥ ਸਿੰਘ ਚੰਦਨ, ਜਗਦੇਵ ਸਿੰਘ ਜੱਗਾ, ਬਲਵੀਰ ਸਿੰਘ ਜੌਹਲ, ਗੁਲਜ਼ਾਰ ਸਿੰਘ ਗੁਲਸ਼ਨ, ਬੂਟਾ ਸਿੰਘ ਖੁਸ਼ਦਿਲ, ਬਲਦੇਵ ਸਿੰਘ ਇਯਾਲੀ, ਨਿਰਮਲ ਸਿੰਘ ਲੀਲੂ, ਰਣਵੀਰ ਸਿੰਘ ਵਿਸ਼ੇਸ਼ ਹਨ, ਭਾਵੇਂ ਭਮੱਦੀ ਨੇ ਪੱਗ ਦੇ ਕੇ ਉਸਤਾਦ ਹਾਲੇ ਤੱਕ ਕੋਈ ਨਹੀਂ ਬਣਾਇਆ ਪਰ ਸੁਦਾਗਰ ਸਿੰਘ ਬੇਪਰਵਾਹ ਨੂੰ ਉਹ ਆਪਣਾ ਪਹਿਲਾ ਉਸਤਾਦ ਆਖਦਾ ਹੈ । ਉਸਤਾਦ ਗਿ: ਮੂਲਾ ਸਿੰਘ ਪਾਖਰਪੁਰੀ ਸਮੇਤ ਗਿ: ਦਇਆ ਸਿੰਘ ਦਿਲਬਰ ਦਾ ਭਮੱਦੀ ਉਪਾਸ਼ਕ ਹੈ । ਸ਼ਾਲਾ ! ਇਹ ਨੌਜਵਾਨ ਢਾਡੀ ਚੌਧਵੀਂ ਦੇ ਚੰਨ ਵਾਂਗ ਆਪਣੀ ਵਿਦਵਤਾ ਦੀ ਚਾਨਣੀ ਹੋਰ ਵੰਡਦਾ ਰਹੇ ।

*("ਸਿੱਖ ਵਿਰਸਾ ਨਿਊਜ਼ ਐਂਡ ਵਿਊਜ਼ ਸਰਵਿਸ" ਕੈਨੇਡਾ ਤੋਂ ਧੰਨਵਾਦ ਸਹਿਤ)*

# ਸੰਗੀਤ ਸਿੱਖਿਆ :
# ਤਬਲੇ ਦੇ ਬੋਲਾਂ ਦਾ ਰਿਆਜ਼-ਅਭਿਆਸ

ਡਾ. ਜਾਗੀਰ ਸਿੰਘ

ਕਿਸੇ ਵੀ ਕਲਾ ਜਾਂ ਕੰਮ ਨੂੰ ਸਿਖਣ ਲਈ ਉਸ ਦਾ ਅਭਿਆਸ ਬੜਾ ਜ਼ਰੂਰੀ ਹੈ। ਕਈ ਕਲਾਕਾਰ ਆਪਣੀ ਉਮਰ ਦਾ ਬਹੁਤਾ ਹਿੱਸਾ ਅਭਿਆਸ ਜਾਂ ਰਿਆਜ਼ ਵਿੱਚ ਹੀ ਗੁਜ਼ਾਰ ਦਿੰਦੇ ਹਨ ਉਹ ਸਟੇਜ ਉਤੇ ਘੱਟ ਵਧ ਹੀ ਪ੍ਰਦਰਸ਼ਨ ਕਰਦੇ ਹਨ। ਪਟਿਆਲੇ ਦੇ ਪ੍ਰਸਿੱਧ ਤਬਲਾ ਵਾਦਕ ਉਸਤਾਦ ਕਿਰਪਾਲ ਸਿੰਘ ਤਬਲੇ ਦਾ ਰਿਆਜ਼ ਹੀ ਕਰਦੇ ਰਹਿ ਗਏ ਜਦੋਂ ਉਹਨਾਂ ਨੂੰ ਕਹਿਣਾ ਕਿ ਸਟੇਜ ਤੇ ਪ੍ਰੋਗਰਾਮ ਦਿਓ ਤਾਂ ਉਹਨਾਂ ਕਹਿਣਾ ਕਿ ਅਜੇ ਰਿਆਜ਼ ਕਰ ਰਿਹਾ ਹਾਂ ਪਰ ਜਿਹੜੇ ਇੱਕ-ਦੋ ਪ੍ਰੋਗਰਾਮ ਉਹਨਾਂ ਸਟੇਜ਼ ਤੇ ਦਿੱਤੇ ਉਹਾਂ ਨੂੰ ਯਾਦ ਕਰਕੇ ਸੰਗੀਤ ਪ੍ਰੇਮੀ ਅਜੇ ਵੀ ਵਾਹ ਵਾਹ ਕਰ ਉਠਦੇ ਹਨ। ਇਸ ਤਰ੍ਹਾਂ ਉਸਤਾਦ ਤਰਲੋਚਨ ਸਿੰਘ ਜੀ ਆਪਣੀ ਸਾਰੀ ਉਮਰ ਅੰਬਾਲਾ ਸ਼ਹਿਰ ਦੀਆਂ ਮੜ੍ਹੀਆਂ ਵਿੱਚ ਰਿਆਜ਼ ਕਰਦੇ ਰਹੇ। ਉਹਨਾਂ ਨੇ ਵੀ ਸਟੇਜ ਉਤੇ ਬਹੁਤ ਘਟ ਗਾਇਆ ਪਰ ਜਿਹੜਾ ਗਾਇਆ ਕਮਾਲ ਦਾ ਗਾਇਆ। ਰਿਆਜ਼ ਬਿਨਾ ਕਿਸੇ ਕਲ੍ਹਾ ਵਿੱਚ ਪਰਪੱਕਤਾ ਨਹੀਂ ਆ ਸਕਦੀ। ਰਿਆਜ਼ ਦਾ ਅਰਥ ਹੈ ਇੱਕ ਕਿਰਿਆ ਨੂੰ ਵਾਰ ਵਾਰ ਦੁਹਰਾਉਣ। ਇਸ ਦੁਹਰਾਈ ਸਮੇਂ ਇਸ ਗੱਲ.ਦੀ ਤਸੱਲੀ ਕਿਸੇ ਅਧਿਆਪਕ ਜਾਂ ਉਸਤਾਦ ਤੋਂ ਕਰਵਾ ਲੈਣੀ ਚਾਹੀਦੀ ਹੈ ਕਿ ਇਹ ਕਿਰਿਆ ਠੀਕ ਹੋ ਰਹੀ ਹੈ। ਜਿਵੇਂ ਤਬਲੇ ਦੇ ਸੱਜੇ ਹੱਥ ਦਾ ਜੇ ਰਿਆਜ਼ ਕਰਨਾ ਹੈ ਤਾਂ ਉਂਗਲ ਠੀਕ ਸਥਾਨ ਤੇ ਵਜਣੀ ਚਾਹੀਦੀ ਹੈ। ਤਬਲੇ ਵਿੱਚੋਂ ਆਵਾਜ਼ ਠੀਕ ਨਿਕਲਣੀ ਚਾਹੀਦੀ ਹੈ। ਬੈਠਕ ਅਤੇ ਮੁਦਰਾ ਦੋਸ਼-ਪੂਰਨ ਨਹੀਂ ਹੋਣੀ ਚਾਹੀਦੀ। ਰਿਆਜ਼ ਵਿੱਚ ਲਗਾਤਾਰਤਾ ਚਾਹੀਦੀ ਹੈ। ਇਹ ਨਹੀਂ ਕਿ ਇੱਕ ਦਿਨ ਅੱਧਾ ਘੰਟਾ ਰਿਆਜ਼ ਕੀਤਾ, ਫਿਰ ਚਾਰ ਦਿਨ ਛੱਡ ਦਿੱਤਾ ਤੇ ਪੰਜਵੇਂ ਦਿਨ ਤਿੰਨ ਘੰਟੇ ਰਿਆਜ਼ ਕਰ ਲਿਆ! ਲਗਾਤਾਰ ਰਿਆਜ਼ ਕਰਨਾ ਚਾਹੀਦਾ ਹੈ ਭਾਵੇਂ ਰੋਜ਼ ਪੰਦਰਾਂ ਮਿੰਟ ਹੀ ਕੀਤਾ ਜਾਵੇ। ਇੱਕ ਦਿਨ ਕੇਵਲ ਇੱਕ ਹੀ ਚੀਜ਼ ਦਾ ਰਿਆਜ਼ ਕਰਨਾ ਚਾਹੀਦਾ ਹੈ।

*ਤਾ ਬੋਲ ਦਾ ਰਿਆਜ਼ :* ਇਹ ਬੋਲ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਨਿਕਲਦਾ ਹੈ। ਇਹ ਧਿਆਨ ਰਖਣਾ ਚਾਹੀਦਾ ਹੈ ਕਿ 'ਤਾ' ਬੋਲ ਦਾ ਰਿਆਜ਼ ਕਰਨ ਵੇਲੇ ਸੱਜਾ ਹੱਥ ਅਤੇ ਖੱਬਾ ਹੱਥ ਤਬਲੇ ਦੀ ਉਚਾਈ ਦੇ ਬਰਾਬਰ ਰਹਿਣ। ਖੱਬਾ ਹੱਥ ਡੁੱਗੀ ਜਾਂ ਧਾਮੇ ਉਤੇ ਟਿਕਿਆ ਰਹੇਗਾ। ਸੱਜੇ ਹੱਥ ਨੂੰ ਸਿੱਧਾ ਟਿਕਾਉਣ ਤੋਂ ਬਾਦ ਪਹਿਲੀ ਅਤੇ ਦੂਜੀ ਉਂਗਲੀ ਨੂੰ ਉੱਪਰ ਚੁੱਕ ਲਵੋ ਅਤੇ ਬਾਕੀ ਦੀਆਂ ਦੋ ਉਂਗਲੀਆਂ ਜਿਹੜੀਆਂ ਸਿਆਹੀ ਅਤੇ ਕੋਰ ਤੇ ਟਿਕੀਆਂ ਹੋਈਆਂ ਹਨ ਉਹਨਾਂ ਨੂੰ ਖਿਸਕਾ ਕੇ ਥੋੜ੍ਹਾ ਪਿੱਛੇ ਲੈ ਜਾਓ ਅਤੇ ਸੱਜੇ ਹੱਥ ਦੇ ਅੰਗੂਠੇ ਨੂੰ ਪੁੜੇ ਦੇ ਕੜੇ ਨਾਲ ਟਿੱਕਾ ਕੇ ਪਹਿਲੀ ਉਂਗਲੀ ਨੂੰ ਹਥੇਲੀ ਦੇ ਝਟਕੇ ਨਾਲ ਕਿਨਾਰੇ ਅਤੇ ਕੋਰ ਦੇ ਮੋੜ ਤੇ ਚੋਟ ਕਰੋ। ਇਹ ਧਿਆਨ ਰਹਿਣਾ ਚਾਹੀਦਾ ਹੈ ਕਿ ਪਹਿਲੀ ਉਂਗਲੀ ਨਾਲ ਚੋਟ ਕਰਨ ਵੇਲੇ ਦੂਜੀ ਉਂਗਲੀ ਕੁਝ ਉੱਪਰ ਚੁੱਕੀ ਰਹਿਣੀ ਚਾਹੀਦੀ ਹੈ ਅਤੇ ਤੀਜੀ ਤੇ ਚੌਥੀ ਉਂਗਲੀ ਤਬਲੇ ਉਤੇ ਟਿਕੀ ਰਹਿਣੀ ਚਾਹੀਦੀ ਹੈ। ਪਹਿਲੀ ਉਂਗਲੀ ਦਾ ਅਭਿਆਸ ਇਸੇ ਤਰ੍ਹਾਂ ਲਗਾਤਾਰ 15 ਮਿੰਟ ਕਰਦੇ ਰਹਿਣਾ ਚਾਹੀਦਾ ਹੈ, ਪਹਿਲੀ ਉਂਗਲੀ ਕਿਨਾਰੇ ਤੇ ਲਗਦਿਆਂ ਹੀ ਉੱਪਰ ਉਠ ਜਾਣੀ ਚਾਹੀਦੀ ਹੈ ਤਾਂ ਹੀ ਤਬਲੇ ਦੀ ਆਵਾਜ਼ ਕੁਝ ਲੰਬੀ ਆਵੇਗੀ। ਇਸ ਬੋਲ ਨੂੰ 'ਤਾ' ਜਾਂ 'ਨਾ' ਕਹਿੰਦੇ ਹਨ।

ਇਹ ਅਭਿਆਸ ਲੈਅ ਵਿੱਚ ਕਰਨਾ ਚਾਹੀਦਾ ਹੈ। ਇਹ ਅਭਿਆਸ ਅਸੀਂ ਮਿਸਾਲ ਦੇ ਤੌਰ ਤੇ ਦਾਦਰਾ ਤਾਲ ਦੀਆ ਮਾਤਰਾਵਾਂ ਦੇ ਵਿਭਾਗਾਂ ਅਨੁਸਾਰ ਕਰ ਸਕਦੇ ਹਾਂ :

| | | | | | | | | | | | |
|---|---|---|---|---|---|---|---|---|---|---|---|
| 1 | 2 | 3 | 1 | 2 | 3 | 1 | 2 | 3 | 1 | 2 | 3 |
| ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ |

ਜਦੋਂ ਅਭਿਆਸ ਕੀਤਾ ਜਾ ਰਿਹਾ ਹੋਵੇ ਤਾਂ ਇਹ ਗਿਣਤੀ ਨਾਲ ਨਾਲ ਜ਼ਿਹਨ ਵਿੱਚ ਗਿਣੀ ਜਾਣੀ ਚਾਹੀਦੀ ਹੈ।

ਇਹ ਅਭਿਆਸ ਅਸੀਂ ਤਿੰਨਤਾਲ ਦੀਆਂ ਮਾਤਰਾਂ ਦੇ ਵਿਭਾਗਾਂ ਅਨੁਸਾਰ ਵੀ ਕਰ ਸਕਦੇ ਹਾਂ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 1 | 2 | 3 | 4 | 1 | 2 | 3 | 4 | 1 | 2 | 3 | 4 |
| ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ | ਤਾ |

ਅਭਿਆਸ ਕਰਦਿਆਂ ਤਬਲੇ ਪ੍ਰਤੀ ਸ਼ਰਧਾ, ਲਗਨ ਅਤੇ ਖੁਸ਼ੀ ਹੋਣੀ ਚਾਹੀਦੀ ਹੈ। ਬੱਧਾ ਚੱਟੀ ਭਰਨ ਵਾਲੀ ਗੱਲ ਨਹੀਂ ਕਰਨੀ ਚਾਹੀਦੀ। ਜੇ ਲਗਨ ਨਾਲ ਅਭਿਆਸ ਕਰੀਏ ਤਾਂ ਕੋਈ ਕਾਰਨ ਨਹੀਂ ਕਿ ਕਾਮਯਾਬੀ ਹਾਸਲ ਨਾ ਹੋਵੇ।

ਮੇਰੇ ਆਪਣੇ ਉਸਤਾਦ ਜਿਹਨਾਂ ਕੋਲੋਂ ਮੈਂ ਤਬਲਾ ਸਿੱਖਿਆ ਉਸਤਾਦ ਮੋਹਨ ਸਿੰਘ ਘਾਇਲ, ਤਬਲੇ ਦੇ ਸਫਲ ਉਸਤਾਦ ਸਨ ਅਤੇ ਹੁਣ ਉਹ ਅਸਫਲ ਸਿਆਸਤਦਾਨ ਹਨ। ਉਹਨਾਂ ਨੇ ਮੈਨੂੰ 15 ਦਿਨਾਂ ਵਿੱਚ ਗੁਰਦੁਆਰਾ ਫਤਹਿਗੜ੍ਹ ਸਾਹਿਬ ਕੀਰਤਨ ਚੌਕੀ ਵਿੱਚ ਤਬਲਾ ਵਜਾਉਣ ਜੋਗਾ ਕਰ ਦਿੱਤਾ ਸੀ। 15 ਦਿਨਾਂ ਵਿੱਚ ਮੈਂ ਤਿੰਨ ਤਾਲ, ਕਹਿਰਵਾ ਅਤੇ ਦਾਦਰਾ ਤਾਲ ਕੀਰਤਨ ਸਮੇਂ ਵਜਾ ਕੇ ਨੌਕਰੀ ਹਾਸਲ ਕੀਤੀ ਸੀ। ਉਹਨਾਂ ਮੈਨੂੰ ਪ੍ਰੋਗਰਾਮ ਬਣਾ ਦਿੱਤਾ 15 ਮਿੰਟ ਤਾਲੀ ਦੇ ਕੇ ਤਬਲੇ ਦੇ ਬੋਲ ਮੂੰਹ 'ਚੋਂ ਬੋਲਣੇ ਅਤੇ ਨਾਲ ਹੀ ਵਜਾਉਣੇ। ਇਕੱਲੇ ਇੱਕਲੇ ਬੋਲ ਦਾ 15-15 ਮਿੰਟ ਸਾਰਾ ਦਿਨ ਰਿਆਜ਼ ਕਰਵਾਇਆ। ਵਿੱਚ-ਵਿੱਚ 15 ਮਿੰਟ ਆਰਾਮ। ਖੈਰ ਜੇ ਸਿਖਣ ਦੀ ਚਾਹ ਹੋਵੇ ਤਾਂ ਬੰਦਾ ਸਭ ਕੁਝ ਸਿਖ ਸਕਦਾ ਹੈ।

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਸ੍ਰ. ਮਨਮੋਹਨ ਸਿੰਘ

### *ਧਨਾਸਰੀ ਮਹਲਾ ੫ ॥*

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥ ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨਾ ਕਿਨ ਹੀ ਲਹੀਐ ॥੧॥ਰਹਾਉ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥੩॥੧੨॥

O Master, Thou art my Beneficent Lord, the Cherisher and the Spouse. Every moment, Thou nurseth me. I, Thine child, have Thy support alone. With one tongue of mine, what excellences of Thine can I utter. Infinite and Limitless art Thou, O Lord. None knows Thine end. Pause. Thou destroyest millions of my sins and instructest me in many ways. I am ignorant and have trifling and paltry understanding. Save me Thou, by Thy innate nature. I seek Thy protection. Thou alone art my hope and comforting friend. O merciful Master, my saviour, save Thou Nanak, the slave of Thy house.

**ਅਰਥ :** ਹੇ ਮਾਲਕ ! ਤੂੰ ਮੇਰਾ ਦਾਤਾਰ ਸੁਆਮੀ, ਪਾਲਣ-ਪੋਸਣਹਾਰ ਅਤੇ ਸਿਰ ਦਾ ਸਾਂਈ ਹੈਂ । ਹਰ ਮੁਹਤ ਤੂੰ ਮੇਰੀ ਪਰਵਰਸ਼ ਕਰਦਾ ਹੈਂ । ਮੈਂ ਤੇਰਾ ਬੱਚਾ, ਤੇਰੇ ਹੀ ਆਸਰੇ ਹਾਂ ।ਆਪਣੀ ਇਕ ਜੀਭ ਨਾਲ ਮੈਂ ਤੇਰੀਆਂ ਕਿਹੜੀਆਂ ਕਿਹੜੀਆਂ ਉਤਕ੍ਰਿਸ਼ਟਤਾਈਆਂ ਉਚਾਰਨ ਕਰ ਸਕਦਾ ਹਾਂ ? ਅਨੰਤ ਅਤੇ ਹੱਦਬੰਨਾ-ਰਹਿਤ ਹੈਂ, ਤੂੰ ਹੇ ਪ੍ਰਭੂ ! ਤੇਰੇ ਓੜਕ ਨੂੰ ਕੋਈ ਨਹੀਂ ਜਾਣਦਾ । ਠਹਿਰਾਉ। ਤੂੰ ਮੇਰੇ ਕ੍ਰੋੜਾਂ ਹੀ ਪਾਪਾਂ ਨੂੰ ਨਸ਼ਟ ਕਰਦਾ ਹੈਂ ਅਤੇ ਮੈਨੂੰ ਬਹੁਤਿਆਂ ਤਰੀਕਿਆਂ ਨਾਲ ਸਿਖਮਤ ਦਿੰਦਾ ਹੈਂ । ਮੈਂ ਬੇਸਮਝ ਹਾਂ ਅਤੇ ਮੇਰੀ ਸਮਝ ਹੋਛੀ ਅਤੇ ਤੁੱਛ ਹੈ । ਆਪਣੇ ਕੁਦਰਤੀ ਸੁਭਾਵ ਦੁਆਰਾ ਤੂੰ ਮੇਰੀ ਰੱਖਿਆ ਕਰ । ਮੈਂ ਤੇਰੀ ਪਨਾਹ ਲੋੜਦਾ ਹਾਂ । ਕੇਵਲ ਤੂੰ ਹੀ ਮੇਰੀ ਆਸ ਉਮੈਦ ਅਤੇ ਸੁਖਦਾਈ ਮਿੱਤ੍ਰ ਹੈਂ । ਹੇ ਮਿਹਰਬਾਨ ਮਾਲਕ ! ਮੇਰੇ ਰਖਿਅਕ, ਤੂੰ ਆਪਣੇ ਗ੍ਰਿਹ ਦੇ ਗੁਮਾਸ਼ਤੇ ਨਾਨਕ ਦੀ ਰੱਖਿਆ ਕਰ ।

### *ਮਲਾਰ ਮਹਲਾ ੧ ॥*

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥ ਸੁਣਿ ਘਨਘੋਰ ਸੀਤਲੁ ਮਨ ਮੋਰਾ ਲਾਲ ਰਤੀ ਗੁਣ ਗਾਵੈ ॥੧॥ ਬਰਸੁ ਘਨਾ ਮੇਰਾ ਮਨੁ ਭੀਨਾ ॥ ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥੧॥ਰਹਾਉ॥ ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥ ਹਰਿ ਵਰਿ ਨਾਰਿ ਭਈ ਸੁਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥ ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥ ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥ ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥ ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੁਹਾਗਣਿ ਸਚੁ ਸਹੀ ॥੪॥੨॥

I make supplication before my beloved Guru, that he may unite me with God, my spouse. Hearing the thundering of clouds my mind is rendered calm and cool and imbued with the love of my Beloved, I sing His praise. Pour down, O clouds, that my soul may be wetted with my spouse's love. The Nectar drop is pleasing to my mind. The Guru has bewitched my soul and it is now absorbed in the God's elixir. Pause. The bride whose mind is pleased with the Guru's word, is sweet to her spouse and enjoys peace of poise. Such a bride of God, the Groom, becomes eternal and to her mind and body her Lord's love is pleasing. Abandoning demerits, she becomes detached and having God as her Groom, her married life is rendered permanent. The Lord God showers His benediction on her and she suffers not sorrow and separation ever. She seizes the shelter of the Perfect Guru. Her mind becomes moveless and she comes and goes not. O Nanak, by the Guru's grace, utter thou the Lord's Name, that thou mayest be accepted as the really blessed bride of the True Lord.

**ਅਰਥ :** ਮੈਂ ਆਪਣੇ ਪਿਆਰੇ ਗੁਰਾਂ ਅਗੇ ਪ੍ਰਾਰਥਨਾ ਕਰਦਾ ਹਾਂ, ਕਿ ਉਹ ਮੈਨੂੰ ਮੇਰੇ ਕੰਤ ਵਾਹਿਗੁਰੂ ਨਾਲ ਮਿਲਾ ਦੇਣ । ਬੱਦਲਾਂ ਦੀ ਗਰਜ ਨੂੰ ਸੁਣ ਕੇ, ਮੇਰਾ ਚਿਤ-ਠੰਡਾ-ਠਾਰ ਹੋ ਗਿਆ ਹੈ ਅਤੇ ਆਪਣੇ ਪਿਆਰੇ ਦੇ ਪਿਆਰ ਨਾਲ ਰੰਗੀਜ, ਮੈਂ ਉਸ ਦੀ ਮਹਿਮਾ ਗਾਇਨ ਕਰਦੀ ਹਾਂ । ਵਰ੍ਹ ਪਓ, ਹੇ ਬੱਦਲੋ ! ਤਾਂ ਜੋ ਮੇਰੀ ਜਿੰਦੜੀ ਆਪਣੇ ਪਤੀ ਦੀ ਪਿਰਹੜੀ ਨਾਲ ਸਿੰਨ੍ਹੀ ਥੀ ਵੰਞੇ । ਆਬਿ-ਹਿਯਾਤ ਦੀ ਕਣੀ, ਮੇਰੇ ਹਿਰਦੇ ਨੂੰ ਚੰਗੀ ਲਗਦੀ ਹੈ । ਗੁਰਾਂ ਨੇ ਮੇਰੀ ਆਤਮਾ ਨੂੰ ਫਰੇਫਤਾ ਕਰ ਲਿਆ ਹੈ ਅਤੇ ਇਹ ਹੁਣ ਵਾਹਿਗੁਰੂ ਦੇ ਅੰਮ੍ਰਿਤ ਵਿਚ ਸਮਾ ਗਈ ਹੈ ।ਠਹਿਰਾਉ। ਉਹ ਪਤਨੀ ਜਿਸ ਦਾ ਚਿਤ ਗੁਰਾਂ ਦੀ ਬਾਣੀ ਨਾਲ ਪ੍ਰਸੰਨ ਥੀ ਗਿਆ ਹੈ, ਆਪਣੇ ਮਾਲਕ ਨੂੰ ਮਿੱਠੀ ਲਗਦੀ ਹੈ ਤੇ ਅਡੋਲਤਾ ਦੇ ਅਰਾਮ ਨੂੰ ਮਾਣਦੀ ਹੈ । ਆਪਣੇ ਵਾਹਿਗੁਰੂ ਕੰਤ ਦੀ ਐਸੀ ਪਤਨੀ ਵੀ ਸਥਿਰ ਹੋ ਜਾਂਦੀ ਹੈ ਤੇ ਉਸ ਦੇ ਦਿਲ ਤੇ ਦੇਹਿ ਨੂੰ ਆਪਣੇ ਸੁਆਮੀ ਦਾ ਪਿਆਰ ਚੰਗਾ ਲਗਦਾ ਹੈ । ਬਦੀਆਂ ਨੂੰ ਛਡ ਕੇ, ਉਹ ਉਪਰਾਮ ਥੀ ਵੰਞਦੀ ਹੈ ਅਤੇ ਹਰੀ ਨੂੰ ਆਪਣੇ ਪਤੀ ਵਜੋਂ ਪਾ, ਉਸ ਦਾ ਵਿਆਹੁਤਾ ਜੀਵਨ ਮੁਸਤਕਿਲ ਹੋ ਜਾਂਦਾ ਹੈ । ਸੁਆਮੀ ਵਾਹਿਗੁਰੂ ਉਸ ਉਤੇ ਆਪਣੀ ਮਿਹਰ ਧਾਰਦਾ ਹੈ ਅਤੇ ਉਸ ਨੂੰ ਅਫਸੋਸ ਤੇ ਵਿਛੋੜਾ ਕਦਾਚਿਤ ਨਹੀਂ ਵਿਆਪਦੇ । ਉਹ ਪੂਰਨ ਗੁਰਾਂ ਦੀ ਪਨਾਹ ਪਕੜ ਲੈਂਦੀ ਹੈ । ਉਸ ਦਾ ਮਨੂਆ ਅਹਿਲ ਹੋ ਜਾਂਦਾ ਹੈ ਅਤੇ ਉਹ ਆਉਂਦੀ ਜਾਂਦੀ ਨਹੀਂ । ਹੇ ਨਾਨਕ, ਗੁਰਾਂ ਦੀ ਦਇਆ ਦੁਆਰਾ ਤੂੰ ਸਾਂਈਂ ਦੇ ਨਾਮ ਦਾ ਉਚਾਰਨ ਕਰ, ਤਾਂ ਜੋ ਤੂੰ ਸਚੇ ਸਾਂਈਂ ਦੀ ਅਸਲੀ ਮੁਬਾਰਕ ਪਤਨੀ ਪ੍ਰਵਾਨ ਹੋ ਜਾਵੇਂ ।

# ਰਾਗ ਧਨਾਸਰੀ : ਥਾਟ ਕਾਫ਼ੀ

ਡਾ. ਮਿਸ ਮਨਵਿੰਦਰ ਕੌਰ

ਵਾਦੀ : ਪਾ, ਸੰਵਾਦੀ : ਸ, ਜਾਤੀ : ਔੜਵ ਸੰਪੂਰਣ

ਵਰਜਤ ਸਵਰ ਆਰੋਹ ਵਿੱਚ ਰੇ ਧ, ਕੋਮਲ ਸਵਰ ਨੀ ਗੁ ਧੁ ਗਾਇਨ : ਸਮਾਂ (ਦਿਨ ਦਾ ਤੀਸਰਾ ਪਹਿਰ)

ਮੁਖ ਸੰਗਤੀ ਪਾ ਗੁ ਪਾ ਗੁ ਰੇ ਮ, ਸ ਗੁ ਮ ਪ ਨੀ ਧs ਪ, ਮ ਪ ਗੁs ਪ ਗੁ ਰੇ ਸ ।

ਆਰੋਹ : ਸ ਗੁ ਮ ਪ ਨੀ ਸਂ ,

ਅਵਰੋਹ : ਸਂ ਨੀ ਧ ਪ ਮ ਗੁ ਰੇ ਸ

## ਰਾਗ ਧਨਾਸਰੀ – ਤੀਨ ਤਾਲ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | ਅਸਥਾਈ | | | | | | | | |
| | | | | | | | | | | | | ਨ਼ੀ | ਸ | ਗੁ | ਮ |
| | | | | | | | | | | | | ਜਿ | ਹ | ਵਾ | s |
| ਪ | - | ਪ | ਮ | ਪ | ਨੀ | ਧ | ਪ | ਗੁ | s | ਰੇ | ਸ | ਸ | ਨ਼ੀ | ਧ਼ | ਪ਼ |
| ਏ | s | ਕ | ਕ | ਵ | ਨ | ਗੁ | ਨ | ਕ | ਹੀ | ਐ | s | ਬੇ | s | s | ਸੁ |
| ਨ਼ੀ | - | ਸ | ਸ | ਨ਼ੀ | ਸ | - | ਗੁ | ਗੁ | ਰੇ | ਸ | ਸ | ਗੁ | ਮ | ਪ | ਨੀ |
| ਮਾ | s | ਰ | ਬੇ | ਅੰ | ਤ | ਸੁ | ਆ | s | ਮੀ | s | ਤੇ | ਰਾ | ਅੰ | ਤ | ਨਾ |
| ਸਂ | - | - | - | ਸਂ ਨੀ | ਧਪ | ਨੀਧ | ਪਮ | ਧਪ | ਮਗੁ | ਰੇਰੇ | ਸ- | | | | |
| ਕਿ | ਨ | ਹੀ | s | ਲਹੀ | ss | ss | ss | ਐs | ss | ss | ss | | | | |
| | | | | | | | ਅੰਤਰਾ | | | | | | | | |
| | | | | | | | | | | | | ਗੁ | ਮ | ਪ | ਨੀ |
| | | | | | | | | | | | | ਤੂ | ਮ | ਦਾ | s |
| ਸਂ | ਸਂ | ਸਂ | ਨੀ | ਨੀ | - | ਸਂ | ਗੁਂ | ਰੇਂ | - | ਸਂ | - | ਸਂ | - | - | ਸਂ |
| ਤੇ | s | ਠਾ | s | ਕੁ | ਰ | ਪ੍ਰ | ਤਿ | ਪਾ | s | ਲ | ਕ | - | ਨਾ | ਇ | ਕ |
| ਨੀ | - | ਪ | - | ਪ | - | ਗੁ | ਮ | ਪ | - | - | - | ਗੁ | ਮ | ਪ | ਨੀ |
| ਖ | ਸ | ਮ | s | s | ਹ | ਮ੍ਹਾ | s | ਰੇ | s | s | s | ਨਿ | ਮ | ਖ | ਨਿ |
| ਸਂ | - | ਸਂ | ਸਂ | ਨੀ | - | ਸਂ | ਗੁਂ | ਰੇ | - | ਸਂ | - | ਸਂ | - | ਸਂ | - |
| ਮ | ਖ | ਤੂ | ਮ | ਹੀ | s | ਪ੍ਰ | ਤਿ | ਪਾ | s | ਲ | ਹੁ | ਹ | ਮ | ਬਾ | ਰਿਕ |
| ਨੀ | ਧ | ਪ | ਪ | - | ਪ | ਗੁ | ਮ | ਪ | - | - | - | ਗੁs | ਮ | ਪ | ਨੀ |
| ਤੂ | ਮ੍ਹ | ਰੇ | s | s | ਧਾ | s | s | ਰੇ | s | s | s | ਹਮ | ਬਾ | ਰਿ | ਕ |
| ਸਂ | - | - | - | ਸਂਨੀ | ਧਪ | ਨੀਧ | ਪਮ | ਧਪ | ਮਗ | ਰੇਰੇ | ਸ- | | | | |
| ਤੂ | ਮ | ਰੇ | s | ਧਾs | ss | ss | ss | ਰੇs | ss | ss | ss | | | | |

# ਰਾਗ ਮੀਆਂ ਕੀ ਮਲ੍ਹਾਰ

ਪੰਡਤ ਰਾਮ ਚੰਦਰ ਤਿਰਵੇਦੀ

ਥਾਟ : ਕਾਫੀ ॥ ਵਾਦੀ : ਸ ॥ ਸੰਵਾਦੀ : ਪ

ਜਾਤੀ : ਸੰਪੂਰਣ ਛਾਡਵ ॥ ਗਾਣ ਦਾ ਸਮਾਂ : ਅਧੀ ਰਾਤ ਬਰਸਾਤ ਰੁਤ ਵਿਚ ਹਮੇਸ਼ਾ ॥

ਆਰੋਹ : ਸ, ਮਰ ਪ, ਨੁ ਧਨ ਸਂ ॥

ਅਵਰੋਹ : ਸਂ, ਨੁ ਪ, ਮ ਪ ਗੁ ਮ, ਰ ਸ ॥

ਪਕੜ : ਰ ਮ ਰ ਸ, ਨ਼ੁ ਪ਼ ਮ਼ ਪ਼
ਨ਼ੁ ਧ਼ ਨ਼ ਸ, ਪ, ਗੁ ਮ ਰ ਸ ।

## ਤਿੰਨ ਤਾਲ

### ਅੰਤਰਾ

| 0 | | | | 3 | | | | x | | | | 2 | | | |
|---|---|---|---|---|---|---|---|---|---|---|---|---|---|---|---|
| ਮ | ਰੇ | ਪ | ਪ | ਪ | ਪ | ਨੁੀ | ਧ | ਨੀ | ਨੀ | ਸਾਂ | - | ਸਾਂ | - | ਸਾਂ | ਸਾਂ |
| ਕ | ਰ | ਉ | ਬਿ | ਨ | ਉ | ਗੁ | ਰ | ਅ | ਪ | ਨੇ | - | ਪ੍ਰੀ | - | ਤ | ਮ |
| ਸਾਂ | ਰੇਂ | ਰੇਂ | ਰੇਂ | ਰੇਂ | - | ਸਾਂ | ਸਾਂ | ਨੀਸਾਂ | ਰੇਂਸਾਂ | ਨੁੀ | ਧ | ਨੁੀ | ਮ | ਪ | - |
| ਹ | ਰਿ | ਵ | ਰੁ | ਆ | - | ਣਿ | ਮਿ | ਲਾ- | -- | ਵੇ | - | - | - | - | - |
| ਰੇਂ | ਰੇਂ | ਰੇਂ | ਰੇਂ | ਰੇਂ | - | ਰੇਂ | ਪਂ | ਗੁਂ | ਗੁਂ | ਗੁਂ | ਮਂ | ਰੇਂ | - | ਸਾਂ | - |
| ਸੁ | ਣਿ | ਘ | ਨ | ਘੋ | - | ਰ | ਸੀ | ਤ | ਲੁ | ਮ | ਨੁ | ਮੋ | - | ਰਾ | - |
| ਨੀ | ਸਾਂ | ਰੇਂ | ਸਾਂ | ਨੁੀ | - | ਮ | ਪ | ਨੀ | - | ਸਾਂ | - | - | - | - | - |
| ਲਾ | - | ਲ | ਰ | ਤੀ | - | ਗੁ | ਣ | ਗਾ | - | ਵੈ | - | - | - | - | - |
| | | | | | | ਅਸਥਾਈ | | | | | | | | | |
| ਸਾਂ | ਸਾਂ | ਨੁ | ਪ | ਪ | - | ਮਪ | ਨੁੀਪ | ਗੁ | - | ਗੁ | ਮ | ਰੇ | - | ਸਾ | - |
| ਬ | ਰ | ਸੁ | ਘਂ | ਨਾ | - | ਮੇ- | - | ਰਾ | - | ਮ | ਨ | ਭੀ | - | ਨਾ | - |
| ਮ | ਰੇ | ਪ | ਪ | ਪ | - | ਨੁੀ | ਧ | ਨੀ | - | ਸਾਂ | - | ਰੇਂ | ਰੇਂ | ਸਾਂ | - |
| ਅੰ | - | ਮ੍ਰਿ | ਤ | ਬੂੰ | - | ਦ | ਸੁ | ਹਾ | - | ਨੀ | - | ਹੀ | ਅ | ਰੇ | - |
| ਰੇਂ | ਪਂ | ਗੁਂ | ਮਂ | ਰੇਂ | - | ਸਾਂ | ਸਾਂ | ਨੁੀਪ | - | ਮਂਪ | ਨੁੀਪ | ਗੁ | ਮ | ਰੇ | ਸਾ |
| ਗੁ | ਰ | ਮੋ | - | ਹੀ | - | ਮ | ਨ | ਹ | ਰਿ | ਰ- | ਸ- | ਲੀ | - | ਨਾ | - |
| | | | | | | ਅੰਤਰਾ | | | | | | | | | |
| ਮ | ਰੇ | ਪ | ਪ | ਪ | - | ਨੁੀ | ਧ | ਨੀ | - | ਸਾਂ | ਸਾਂ | ਰੇਂ | ਨੀ | ਸਾਂ | - |
| ਸ | ਹ | ਜਿ | ਸੁ | ਖੀ | - | ਵ | ਰ | ਕਾ | - | ਮ | ਣ | ਪਿ | ਆ | ਰੀ | - |
| ਨੁੀ | ਨੁੀ | ਨੁੀ | ਧ | ਨੀ | ਨੀ | ਸਾਂ | - | ਨੀ | ਸਾਂ | ਰੇਂਸਾਂ | ਨੁੀ | - | ਮ | ਪ | - |
| ਜਿ | ਸੁ | ਗੁ | ਰ | ਬ | ਚ | ਨੀ | - | ਮ | ਨ | -- | ਮਾ | - | ਨਿ | ਆ | - |
| ਪ | ਰੇਂ | ਰੇਂ | ਰੇਂ | ਰੇਂ | - | ਰੇਂ | ਪਂ | ਗੁਂ | ਮਂ | - | ਸਾਂ | ਰੇਂ | ਨੀ | ਸਾਂ | ਸਾਂ |
| ਹ | ਰਿ | ਵ | ਰਿ | ਨਾ | - | ਰ | - | ਭ | ਈ | - | ਸੁ | ਹਾ | - | ਗ | ਣਿ |
| ਮ | ਪ | ਸਾਂ | ਸਾਂ | ਨੁੀ | ਪ | ਮਪ | ਨੁੀਪ | ਗੁ | - | - | ਮ | ਰੇ | - | ਸਾ | - |
| ਮ | ਨਿ | ਤ | ਨਿ | ਪ੍ਰੇ | - | ਮ- | ਸੁ- | ਖਾ | - | - | ਨਿ | ਆ | - | - | - |

# ਮਹੀਨਾ ਨਵੰਬਰ/ਮਘਰ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥ ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

| | | | | |
|---|---|---|---|---|
| ਸੰਮਤ ਬਿਕ੍ਰਮੀ | 2054 | ਨਵੰਬਰ - 97 NOVEMBER 1997 | ਸੰਗਰਾਂਦ | 16 ਨਵੰਬਰ |
| ਸੰਮਤ ਨਾਨਕਸ਼ਾਹੀ | 528-29 | | ਪੂਰਨਮਾਸ਼ੀ | 14 ਨਵੰਬਰ |
| ਸੰਮਤ ਖਾਲਸਾ | 299 | | ਮਸਿਆ | 30 ਨਵੰਬਰ |
| ਸੰਮਤ ਸ਼ਾਕਾ | 1919 | | ਪੰਚਮੀ | 5 ਨਵੰਬਰ |

| | | | | | |
|---|---|---|---|---|---|
| ਐਤ SUN | 30 15 ਮਘਰ ਮਸਿਆ | 2 17 ਕਤਕ ਕਤਕ ਸੁਦੀ 2 | 9 24 ਕਤਕ ਕਤਕ ਸੁਦੀ 9 | 16 1 ਮਘਰ ਮਘਰ ਵਦੀ 2 | 23 8 ਮਘਰ ਮਘਰ ਵਦੀ 9 |
| ਸੋਮ MON | | 3 18 ਕਤਕ ਕਤਕ ਸੁਦੀ 3 | 10 25 ਕਤਕ ਕਤਕ ਸੁਦੀ 10 | 17 2 ਮਘਰ ਮਘਰ ਵਦੀ 3 | 24 9 ਮਘਰ ਮਘਰ ਵਦੀ 10 |
| ਮੰਗਲ TUE | | 4 19 ਕਤਕ ਕਤਕ ਸੁਦੀ 4 | 11 26 ਕਤਕ ਕ: ਸੁ: 11-12 | 18 3 ਮਘਰ ਮਘਰ ਵਦੀ 4 | 25 10 ਮਘਰ ਮਘਰ ਵਦੀ 11 |
| ਬੁੱਧ WED | | 5 20 ਕਤਕ ਕਤਕ ਸੁਦੀ 5 | 12 27 ਕਤਕ ਕਤਕ ਸੁਦੀ 13 | 19 4 ਮਘਰ ਮਘਰ ਵਦੀ 5 | 26 11 ਮਘਰ ਮਘਰ ਵਦੀ 12 |
| ਵੀਰ THU | | 6 21 ਕਤਕ ਕਤਕ ਸੁਦੀ 6 | 13 28 ਕਤਕ ਕਤਕ ਸੁਦੀ 14 | 20 5 ਮਘਰ ਮਘਰ ਵਦੀ 6 | 27 12 ਮਘਰ ਮਘਰ ਵਦੀ 13 |
| ਸ਼ੁੱਕਰ FRI | | 7 22 ਕਤਕ ਕਤਕ ਸੁਦੀ 7 | 14 29 ਕਤਕ ਪੂਰਨਮਾਸ਼ੀ | 21 6 ਮਘਰ ਮਘਰ ਵਦੀ 7 | 28 13 ਮਘਰ ਮਘਰ ਵਦੀ 14 |
| ਸ਼ਨੀ SAT | 1 16 ਕਤਕ ਕਤਕ ਸੁਦੀ 1 | 8 23 ਕਤਕ ਕਤਕ ਸੁਦੀ 8 | 15 30 ਕਤਕ ਮਘਰ ਵਦੀ 1 | 22 7 ਮਘਰ ਮਘਰ ਵਦੀ 8 | 29 14 ਮਘਰ ਮਘਰ ਵਦੀ 14 |

ਅਰਥ : ਮੱਘਰ (ਦੇ ਠੰਢੇ-ਮਿੱਠੇ) ਮਹੀਨੇ ਵਿਚ ਉਹ ਜੀਵ-ਇਸਤ੍ਰੀਆਂ ਸੋਹਣੀਆਂ ਲੱਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ। ਜਿਨ੍ਹਾਂ ਨੂੰ ਮਾਲਕ-ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ, ਉਹਨਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ। ਸਤ-ਸੰਗੀ ਸਹੇਲੀਆਂ ਦੀ ਸੰਗਤਿ ਵਿਚ ਪ੍ਰਭੂ ਦੇ ਨਾਲ (ਚਿੱਤ ਜੋੜ ਕੇ) ਉਹਨਾਂ ਦਾ ਸਰੀਰ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ।

ਪਰ ਜੇਹੜੀਆਂ ਜੀਵ-ਇਸਤ੍ਰੀਆਂ ਸਤਸੰਗੀਆਂ (ਦੀ ਸੰਗਤਿ) ਤੋਂ ਵਾਂਜੀਆਂ ਰਹਿੰਦੀਆਂ ਹਨ, ਉਹ ਇਕੱਲੀਆਂ (ਛੁੱਟੜ) ਹੀ ਰਹਿੰਦੀਆਂ ਹਨ (ਜਿਵੇਂ ਸੜੇ ਹੋਏ ਤਿਲਾਂ ਦਾ ਬੂਟਾ ਪੈਲੀ ਵਿਚ ਨਿਖਸਮਾ ਰਹਿੰਦਾ ਹੈ)। ਇਕੱਲੀ ਨਿਖਸਮੀ ਜਿੰਦ ਨੂੰ ਵੇਖ ਕੇ ਕਾਮਾਦਿਕ ਕਈ ਵੈਰੀ ਆ ਕੇ ਘੇਰ ਲੈਂਦੇ ਹਨ, ਤੇ ਉਹਨਾਂ ਦਾ (ਵਿਕਾਰਾਂ ਤੋਂ ਉਪਜਿਆ) ਦੁੱਖ ਕਦੇ ਲਹਿੰਦਾ ਨਹੀਂ, ਉਹ ਜਮਾਂ ਦੇ ਵੱਸ ਪਈਆਂ ਰਹਿੰਦੀਆਂ ਹਨ।

ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਪਤੀ-ਪ੍ਰਭੂ ਦਾ ਸਾਥ ਮਾਣਿਆ ਹੈ, ਉਹ (ਵਿਕਾਰਾਂ ਦੇ ਹੱਲੇ ਵਲੋਂ) ਸਦਾ ਸੁਚੇਤ ਦਿੱਸਦੀਆਂ ਹਨ (ਵਿਕਾਰ ਉਹਨਾਂ ਉਤੇ ਚੋਟ ਨਹੀਂ ਕਰ ਸਕਦੇ, ਕਿਉਂਕਿ) ਪਰਮਾਤਮਾ ਦੇ ਗੁਣਾਨੁਵਾਦ ਉਹਨਾਂ ਦੇ ਹਿਰਦੇ ਵਿਚ ਪ੍ਰੋਤੇ ਰਹਿੰਦੇ ਹਨ, ਜਿਵੇਂ ਹੀਰੇ ਜਵਾਹਰ ਤੇ ਲਾਲਾਂ ਦਾ ਹਾਰ ਗਲ ਵਿਚ ਪਾਇਆ ਹੁੰਦਾ ਹੈ।

ਨਾਨਕ ਉਹਨਾਂ ਸਤਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜੋ ਪ੍ਰਭੂ ਦੇ ਦਰ ਤੇ ਪਏ ਰਹਿੰਦੇ ਹਨ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ। ਮੱਘਰ ਵਿਚ ਪਰਮਾਤਮਾ ਦਾ ਸਿਮਰਨ ਕੀਤਿਆਂ ਮੁੜ ਜਨਮ ਮਰਨ ਦਾ ਗੇੜ ਨਹੀਂ ਵਾਪਰਦਾ ।੧੦।

## *ਗੁਰਪੁਰਬ*

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਗੱਦੀ (ਨੰਦੇੜ) | 2 ਨਵੰਬਰ |
| ਪਾ: ੧੦ ਜੋਤੀ ਜੋਤਿ ਸਮਾਏ | 5 ਨਵੰਬਰ |
| ਪਾ: ੧ ਅਵਤਾਰ ਧਾਰਿਆ | 14 ਨਵੰਬਰ |

## *ਦਿਨ ਦਿਹਾਰ ਤੇ ਛੁੱਟੀਆ*

| | |
|---|---|
| ਨਿਊ ਪੰਜਾਬ ਡੇ | 1 ਨਵੰਬਰ |
| ਸੰਮਤ ਨਾਨਕਸ਼ਾਹੀ 529 ਸ਼ੁਰੂ | 14 ਨਵੰਬਰ |

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ ।*

Regd. NO. PB/CH-155
RNI Regd. No. 46788/89

**BOOK POST**
(Printed Matter)

To

*If undelivered please return to :*

**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 11 ਸਾਲ ਨੌਵਾਂ ਨੰਵਬਰ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫਾ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।

STATE OF ART HEARING AIDS

AVAILABLE IN ALL MODELS

BONE CONDUCTION SPECTACLE

AIR CONDUCTION SPECTACLE

IN THE CANAL

BEHIND THE EAR

POCKET MODEL AND MANY MORE

ATTRACTIVE MODELS

*Visit*

**Dr. PREETI AHUJA**

*Sounds*

**THE HEARING AID PEOPLE**

C-353, DEFENCE COLONY

NEW DELHI 110 024